# ਅੰਮ੍ਰਿਤ ਕੀਰਤਨ

ਅਗਸਤ 2006



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# Amrit Kirtan

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 8 ◆ ਸਾਲ ਅਠਾਰਵਾਂ ◆ ਅਗਸਤ 2006

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

- ▲ ਲੇਖਾਂ ਵਿੱਚ ਪ੍ਰਗੰਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-2713915, 093161 36268

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com

| | |
|---|---|
| ਕਰਉ ਬੇਨੰਤੀਆ<br>*ਸੰਪਾਦਕੀ* | 2 |
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਗੀਤ ਵਿਚ ਸਥਾਨ<br>*ਸ. ਗੁਰਨਾਮ ਸਿੰਘ* | 4 |
| ਅਨਹਦ ਨਾਦ-ਪੰਚ ਸ਼ਬਦ ਧੁਨਕਾਰ<br>*ਕਰਤਾਰ ਸਿੰਘ ਨੀਲਧਾਰੀ* | 11 |
| ਨਾਦ ਇਕ ਗੂੰਜਿਆ<br>*ਕਰਮ ਸਿੰਘ ਰਤਨ* | 13 |
| ਤੱਤੀ ਲੋਹ 'ਤੇ ਬੈਠੇ ਗੁਰੂ<br>*ਡਾ. ਹਰਨੇਕ ਸਿੰਘ ਕਲੇਰ* | 15 |
| ਕਲਜੁਗ ਮਹਿ ਕੀਰਤਨੁ ਪਰਧਾਨਾ<br>*ਭਾਈ ਗੁਰਮੇਲ ਸਿੰਘ* | 16 |
| ਰਾਗ ਵਿਵਰਨ-ਰਾਗੁ ਜੈਤਸਰੀ<br>*ਪ੍ਰੋ: ਕਰਤਾਰ ਸਿੰਘ* | 17 |
| ਪੁਸਤਕ ਸਮੀਖਿਆ<br>*ਅਵਤਾਰ ਸਿੰਘ ਹੰਸ* | 20 |
| Father, son and the holy scripture<br>*Amrita Chaudhry* | 22 |
| ਸੁਰ ਲਿਪੀ<br>*ਨਰਿੰਦਰ ਕੌਰ* | 23 |
| ਸੁਰ ਲਿਪੀ ਵਾਲੇ ਸ਼ਬਦ ਦੇ ਅਰਥ<br>*ਮਨਮੋਹਨ ਸਿੰਘ* | 24 |

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
sohal specials
Designers & Printers
Phone: 0172-3292919

## ਕਰਉ ਬੇਨੰਤੀਆ

### ❑ ਵਿਸਮਾਦ ਨਾਦ

ਸੰਤ ਬਾਬਾ ਸੁੱਚਾ ਸਿੰਘ ਜੀ ਨੇ ਗੁਰਦੁਆਰਾ ਗੁਰਗਿਆਨ ਪ੍ਰਕਾਸ਼ ਵਿਖੇ ਗੁਰਮਤਿ ਸੰਗੀਤ ਦੀ ਪੁਨਰ ਸੁਰਜੀਤੀ ਹਿਤ ਜਿਥੇ ਕਿਰਿਆਤਮਕ ਪੱਖ ਤੋਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਲੜੀ ਚਲਾਈ, ਉਥੇ ਗੁਰਮਤਿ ਅਤੇ ਗੁਰਮਤਿ ਸੰਗੀਤ ਤੇ ਸਿਧਾਂਤਕ ਪੱਖ ਬਾਰੇ ਵੀ ਖੋਜ ਦਾ ਪ੍ਰਵਾਹ ਚਲਾਇਆ। ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਮੁੱਖ ਰਾਗ, ਮਿਸ਼ਰਤ ਰਾਗ, ਗਾਇਨ ਸ਼ੈਲੀਆਂ ਅਦਿ ਬਾਰੇ ਵਰਨਣ ਯੋਗ ਕਾਰਜ ਕੀਤਾ ਗਿਆ। ਇਨ੍ਹਾਂ ਸਮਾਗਮਾਂ ਦੀਆਂ ਟੇਪਾਂ ਬਹੁਮੁੱਲੀਆਂ ਹਨ ਅਤੇ ਇਹ ਗੁਰਮਤਿ ਸੰਗੀਤ ਦੇ ਮਹਾਨ ਵਿਰਸੇ ਦੀ ਇਕ ਧਰੋਹਰ ਬਣ ਚੁੱਕੀਆਂ ਹਨ।

ਸੰਤ ਜੀ ਨੇ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਤੋਂ ਹੀ ਵਿਸਮਾਦ ਨਾਦ ਨਾਮ ਖੋਜ ਪੱਤ੍ਰਿਕਾ ਵੀ ਅਰੰਭ ਕੀਤੀ। ਸੰਤ ਜੀ ਦੇ ਸਮੇਂ ਇਸ ਦੇ ਜਿਹੜੇ ਵਿਸ਼ੇਸ਼ ਅੰਕ ਪ੍ਰਕਾਸ਼ਿਤ ਹੋਏ ਉਹ ਹਰ ਪੱਖੋਂ ਮਹਤਵਪੂਰਨ ਹਨ। ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਲਈ ਤਾਂ ਉਹ ਬਹੁਤ ਲਾਹੇਵੰਦ ਹਨ।

ਖੁਸ਼ੀ ਦੀ ਗੱਲ ਇਹ ਹੈ ਕਿ ਹੁਣ ਗੁਰਦੁਆਰਾ ਗੁਰਗਿਆਨ ਪ੍ਰਕਾਸ਼ ਤੋਂ ਵਿਸਮਾਦ ਨਾਦ ਮੁੜ ਪ੍ਰਕਾਸ਼ਤ ਹੋਣਾ ਸ਼ੁਰੂ ਹੋਇਆ ਹੈ। ਹੁਣ ਇਸ ਪਰਚੇ ਦੇ ਮੁੱਖ ਸਰਪ੍ਰਸਤ ਸੰਤ ਗਿਆਨੀ ਅਮਰੀਕ ਸਿੰਘ ਜੀ ਹਨ। ਪ੍ਰਬੰਧਕੀ ਸੰਪਾਦਕ ਭਾਈ ਸੋਹਨ ਸਿੰਘ, ਸੰਪਾਦਕ ਪਰਮਜੀਤ ਸਿੰਘ ਪੰਮੀ, ਆਨਰੇਰੀ ਸੰਪਾਦਕ ਸੁਖਵੰਤ ਸਿੰਘ ਹਨ। ਅਪ੍ਰੈਲ, ਮਈ ਤੇ ਜੂਨ ਦੇ ਅੰਕਾਂ ਵਿਚੋਂ ਅਪ੍ਰੈਲ ਅੰਕ ਵਿਚ ਸ਼ਬਦ ਅਤੇ ਸੰਗੀਤ: ਗੁਰਮਤਿ ਪਰਿਪੇਖ-ਡਾ. ਗੁਲਜ਼ਾਰ ਸਿੰਘ ਕੰਗ, ਰਾਗ ਰਤਨੀ ਪਰਿਵਾਰ ਭਾਈ ਨਿਰਮਲ ਸਿੰਘ ਖਾਲਸਾ, ਸਵਰਾਂ ਦੀ ਉਤਪਤੀ ਪ੍ਰੋ: ਮਨਿੰਦਰ ਕੌਰ ਜਵੱਦੀ, ਰਾਗ ਕਲਿਆਣ-ਡਾ. ਜਸਬੀਰ ਕੌਰ ਪਟਿਆਲਾ, ਗੁਰੂ ਅਰਜਨ ਦੇਵ ਜੀ: ਸੰਗੀਤ ਪਰਿਪੇਖ-ਡਾ. ਦਰਸ਼ਨ ਸਿੰਘ ਨਰੂਲਾ ਆਦਿ ਦੇ ਲੇਖ ਗੁਰਮਤਿ ਸੰਗੀਤ ਦੇ ਸਿਧਾਂਤਾਂ ਉਪਰ ਰੌਸ਼ਨੀ ਪਾਉਂਦੇ ਹਨ। ਪ੍ਰਿੰਸੀਪਲ ਸੁਖਵੰਤ ਸਿੰਘ ਜੀ ਦੀਆਂ ਸੁਰ ਲਿਪੀਆਂ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਲਈ ਲਾਹੇਵੰਦ ਹਨ।

ਗੁਰਮਤਿ ਸੰਗੀਤ ਦੀ ਸੇਵਾ ਲਈ ਕੀਤੇ ਜਾ ਰਹੇ ਇਹਨਾਂ ਸੁਚੱਜੇ ਕਾਰਜਾਂ ਦੀ ਅਸੀਂ ਸ਼ਲਾਘਾ ਕਰਦੇ ਹਾਂ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਸੰਤ ਬਾਬਾ ਸੁੱਚਾ ਸਿੰਘ ਜੀ ਵਲੋਂ ਚਲਾਇਆ ਇਹ ਪ੍ਰਵਾਹ ਸਦਾ ਜਾਰੀ ਰਹੇ।

### ❑ ਗਾਵਹੁ ਸਚੀ ਬਾਣੀ - ਇਕ ਨਿਵੇਕਲੀ ਪੁਸਤਕ

ਗਾਵਹੁ ਸਚੀ ਬਾਣੀ - ਪੁਸਤਕ ਪਿਛਲੇ ਦਿਨੀਂ ਪ੍ਰਾਪਤ ਹੋਈ। ਇਸ ਦੇ ਲੇਖਕ ਗੁਰਦੀਪ ਸਿੰਘ ਗੁਰਮਤਿ ਸੰਗੀਤ ਦੀ ਪਰੰਪਰਾ ਨਾਲ ਜੁੜੇ ਹੋਏ ਹਨ। ਪੁਸਤਕ ਵਿਚ ਲਿਖੇ ਅਨੁਸਾਰ ਲੇਖਕ ਕਿੱਤੇ ਵਜੋਂ ਅਧਿਆਪਕ ਹੋਣ ਦੇ ਨਾਲ ਨਾਲ ਕੀਰਤਨ ਵੀ ਕਰਦਾ ਰਿਹਾ ਹੈ। ਉਸ ਨੇ ਬਾਕਾਇਦਾ ਕੀਰਤਨ ਸਿਖਲਾਈ ਪ੍ਰਾਪਤ ਕੀਤੀ ਹੈ।

ਪੁਸਤਕ ਦੀ ਛਪਾਈ ਕਰਾਉਣ ਵਿਚ ਕਾਹਲੀ ਤੋਂ ਕੰਮ ਲਿਆ ਗਿਆ ਹੈ। ਬਿਨਾ ਤਤਕਰੇ ਦੇ ਅਤੇ ਬਿਨਾਂ ਕਿਸੇ ਤਰਤੀਬ ਦੇ ਲੇਖ ਪੁਸਤਕ ਦੇ ਰੂਪ ਵਿਚ ਦੇ ਦਿੱਤੇ ਗਏ ਹਨ। ਪਰ ਲੇਖਾਂ ਵਿਚ ਦਿੱਤੀ ਜਾਣਕਾਰੀ ਬਹੁਤ ਲਾਹੇਵੰਦ ਹੈ। ਅਵਤਾਰ ਸਿੰਘ ਦੇ ਦੋ ਸ਼ਬਦ ਸੰਗੀਤ ਦੇ ਤੱਤਾਂ ਬਾਰੇ ਜਾਣਕਾਰੀ ਮਿਲਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰਬਾਣੀ ਕੀਰਤਨ ਸਬੰਧੀ ਟੂਕਾਂ ਇਕੱਠੀਆਂ ਦਿੱਤੀਆਂ ਗਈਆਂ ਹਨ। ਇਹ ਖੋਜ ਵਿਦਿਆਰਥੀਆਂ ਲਈ ਲਾਭਦਾਇਕ ਹੋ ਸਕਦੀਆਂ ਹਨ। ਵੱਖ ਵੱਖ ਰਾਗੀਆਂ ਬਾਰੇ ਲੇਖਕ ਨੇ ਜਾਣਕਾਰੀ ਦਿੱਤੀ ਹੈ। ਪੁਸਤਕ ਨੂੰ ਪੜ੍ਹਨ ਉਤੇ ਵੱਖ ਵੱਖ ਥਾਵਾਂ ਉਤੇ ਭਾਈ ਦਿਲਬਾਗ ਸਿੰਘ, ਭਾਈ ਪ੍ਰੇਮ ਸਿੰਘ, ਪ੍ਰੋਫੈਸਰ ਅਵਤਾਰ ਸਿੰਘ, ਭਾਈ ਪ੍ਰਸ਼ੋਤਮ ਸਿੰਘ, ਭਾਈ ਮਹਿੰਦਰ ਸਿੰਘ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਫਿਰ ਗੁਰੂ ਕਾਲ ਦੇ ਦੋ ਪ੍ਰਸਿੱਧ ਕੀਰਤਨੀਏ, ਬਹੁਪੱਖੀ ਪ੍ਰਤਿਭਾ ਵਾਲੇ ਕੀਰਤਨੀਏ ਗੁਰਮਤਿ ਸੰਗੀਤ ਦੇ ਅਨਮੋਲ ਹੀਰੇ ਆਦਿ ਸਿਰਲੇਖਾਂ ਹੇਠ ਵੀ ਕੀਰਤਨੀਆਂ ਬਾਰੇ ਹੀ ਲਿਖਿਆ ਗਿਆ ਹੈ।

ਵੱਖ ਵੱਖ ਲੇਖਾਂ ਦੇ ਰੂਪ ਵਿਚ ਇਹ ਪੁਸਤਕ ਪੜ੍ਹਨ ਨੂੰ ਰੌਚਕ ਹੈ ਅਤੇ ਜਾਣਕਾਰੀ ਵੀ ਦਿੰਦੀ ਹੈ। ਇਸ ਪੁਸਤਕ ਨੂੰ ਅਧਾਰ ਬਣਾ ਕੇ ਲੇਖਕ ਤਿੰਨ ਪੁਸਤਕਾਂ ਹੋਰ ਲਿਖ ਸਕਦਾ ਹੈ। ਸਾਨੂੰ ਆਸ ਹੈ ਕਿ ਲੇਖਕ ਆਪਣਾ ਇਹ ਕਾਰਜ ਜਾਰੀ ਰੱਖੇਗਾ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਗੀਤ ਵਿਚ ਸਥਾਨ

## ਸ. ਗੁਰਨਾਮ ਸਿੰਘ

ਭਾਰਤ ਉਤੇ ਵਿਦੇਸ਼ੀ ਹਮਲਾਵਰਾਂ ਦੇ ਲਗਾਤਾਰ ਹਮਲਿਆਂ ਨੇ ਭਾਰਤੀ ਸੰਸਕ੍ਰਿਤੀ ਨੂੰ ਹਰ ਪੱਖੋਂ ਪ੍ਰਭਾਵਿਤ ਕੀਤਾ। ਭਾਰਤੀ ਸੰਸਕ੍ਰਿਤੀ ਵਿਚ ਉਤਪੰਨ ਅਨੇਕ ਪਰਿਵਰਤਨਾਂ ਨੇ ਭਾਰਤੀ ਕਲਾਵਾਂ ਦਾ ਰੁੱਖ ਮੋੜ ਦਿੱਤਾ। ਸੰਗੀਤ ਵਰਗੀਆਂ ਲਲਿਤ ਕਲਾਵਾਂ ਮੁਸਲਿਮ ਸੰਸਕ੍ਰਿਤੀ ਦੇ ਪ੍ਰਵੇਸ਼ ਤੇ ਪ੍ਰਭਾਵ ਸਦਕਾ ਭਾਰਤੀ ਸੰਗੀਤ ਦੀਆਂ ਬੁਨਿਆਦੀ ਕਦਰਾਂ ਕੀਮਤਾਂ ਵਿਚ ਕਾਫੀ ਪਰਿਵਰਤਨ ਆ ਗਿਆ। ਇਸ ਸੰਗੀਤ ਪੱਧਤੀ ਵਿਚ ਭਾਰਤੀ ਸੰਗੀਤ ਦੇ ਮੋਕਸ਼ ਪ੍ਰਾਪਤੀ ਤੇ ਪ੍ਰਭੂ ਉਪਾਸਨਾ ਵਰਗੇ ਬੁਨਿਆਦੀ ਮੂਲ ਉਦੇਸ਼ਾਂ ਦੀ ਥਾਂ ਮਨੋਰੰਜਨ ਭਾਵ ਉਤੇਜਨਾ ਨੇ ਲੈ ਲਈ। ਇਹ ਸੰਗੀਤ ਪ੍ਰਥਾ ਉੱਤਰੀ ਭਾਰਤੀ ਸੰਗੀਤ ਦੇ ਰੂਪ ਵਿਚ ਪ੍ਰਗਟ ਹੋਈ। ਮੁਸਲਿਮ ਧਾੜਵੀਆਂ ਦੇ ਪ੍ਰਵੇਸ਼ ਨਾਲ ਮੰਦਰਾਂ ਤੇ ਮੱਠਾਂ ਦੀ ਤਬਾਹੀ ਸਦਕਾ ਭਾਰਤੀ ਸੰਗੀਤ ਦਾ ਮੂਲ ਰੂਪ ਉਤਰੀ ਭਾਰਤ ਵਿਚੋਂ ਲਗਭਗ ਅਲੋਪ ਹੋਣ ਲੱਗਾ। ਉਤਰੀ ਭਾਰਤ ਵਿਚ ਵਸਦੇ ਸੰਗੀਤਕਾਰ ਇਸ ਸੰਗੀਤਕਾਰ ਵਿਰਸੇ ਨੂੰ ਸੁਰੱਖਿਅਤ ਰੱਖਣ ਲਈ ਮੱਧ ਭਾਰਤ ਪਾਰ ਕਰ ਗਏ। ਇਸ ਲਈ ਦੱਖਣ ਵਿਚ ਪ੍ਰਚਲਿਤ ਸੰਗੀਤ ਨੇ ਭਾਰਤੀ ਸੰਗੀਤ ਦੇ ਮੂਲ ਰੂਪ ਅਤੇ ਬੁਨਿਆਦੀ ਕੀਮਤਾਂ ਨੂੰ ਕਾਇਮ ਰੱਖਕੇ ਚੋਖਾ ਵਿਕਾਸ ਕੀਤਾ।

ਅਜਿਹੇ ਸਮੇਂ ਪ੍ਰਭੂ ਭਗਤੀ ਦੀ ਇਕ ਲਹਿਰ 'ਭਗਤੀ ਲਹਿਰ' ਦੇ ਨਾਲ ਨਾਲ ਪ੍ਰਚਾਰ ਵਿਚ ਆਈ, ਜਿਸ ਦੀ ਇਕ ਆਪਣੀ ਨਿਵੇਕਲੀ ਸੰਗੀਤ ਪ੍ਰੰਪਰਾ ਸੀ। ਇਸ ਲਹਿਰ ਦੇ ਪੈਰੋਕਾਰ ਜੈਦੇਵ, ਸੂਰਦਾਸ, ਮੀਰਾਬਾਈ ਆਦਿ ਨੇ ਆਪਣੀਆਂ ਰਚਨਾਵਾਂ ਨੂੰ ਵਖ ਵਖ ਰਾਗਾਂ ਤੇ ਤਾਲਾਂ ਅਨੁਸਾਰ ਸੰਗੀਤ ਬੱਧ ਕਰਕੇ ਗਾਇਆ। ਸੰਗੀਤ ਦੁਆਰਾ ਇਸ ਬਾਣੀ ਨੂੰ ਗਾਉਣ ਤੇ ਪ੍ਰਚਾਰਨ ਦਾ ਮੂਲ ਮਨੋਰਥ ਜਨ ਸਧਾਰਣ ਨੂੰ ਅਧਿਆਤਮਵਾਦੀ ਕਦਰਾਂ ਕੀਮਤਾਂ ਦਾ ਉਪਦੇਸ਼ ਦੇਣਾ ਹੀ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤਕ ਭਾਰਤੀ ਸੰਗੀਤ ਉਪਰੋਕਤ ਪਰਿਵਰਤਨ ਅਤੇ ਵਖ ਵਖ ਪਰਿਸਥਿਤੀਆਂ, ਅਧਿਆਤਮਕ ਤੇ ਸੰਗੀਤ ਪਰਿਵਰਤਨ ਦਾ ਘੋਖਵਾਂ ਅਧਿਐਨ ਕੀਤਾ। ਆਪ ਭਗਤੀ ਪ੍ਰੰਪਰਾ ਦੀ ਬੁਨਿਆਦੀ ਲੋੜ ਅਤੇ ਮਹੱਤਤਾ ਤੋਂ ਭਲੀ ਭਾਂਤ ਜਾਣੂ ਸਨ। ਇਸ ਭਗਤੀ ਪ੍ਰੰਪਰਾ ਦੇ ਸੰਤਾਂ, ਭਗਤਾਂ ਅਤੇ ਸੂਫੀ ਫਕੀਰਾਂ ਦੀ ਸਮੁੱਚੀ ਬਾਣੀ ਸੰਗੀਤ ਨਾਲ ਸੰਜੋਈ ਹੋਈ ਸੀ। ਇਹ ਮਾਰਗੀ ਸੰਗੀਤ ਵਾਂਗੂ ਕੱਟੜ ਤੇ ਕਰੜੇ ਨਿਯਮਾਂ ਵਿਚ ਨਹੀਂ ਸੀ ਜਕੜੀ ਹੋਈ ਸਗੋਂ ਆਮ ਲੋਕਾਂ ਵਿਚ ਇਸ ਦਾ ਪ੍ਰਚਾਰ ਦਿਨੋ ਦਿਨ ਵਧ ਰਿਹਾ ਸੀ। ਗੁਰੂ ਨਾਨਕ ਦੇਵ ਜੀ ਇਸੇ ਭਗਤੀ ਸੰਗੀਤ ਪ੍ਰੰਪਰਾ ਨੂੰ ਜਨ ਸਧਾਰਨ ਵਿਚ ਹੋਰ ਵਧੇਰੇ ਪ੍ਰਚਾਰਨ ਅਤੇ ਇਸ ਨੂੰ ਸਥਾਈ ਬਨਾਉਣ ਲਈ ਇਕ ਨਵੀਨ ਦਿਸ਼ਾ ਪ੍ਰਦਾਨ ਕੀਤੀ। ਇਸ ਉਪਰੋਕਤ ਜਿਹੜੀ ਸੰਗੀਤ ਪ੍ਰੰਪਰਾ ਹੋਂਦ ਵਿਚ ਆਈ, ਉਹ ਮੌਲਿਕ, ਸਾਰਥਕ, ਉਪਯੋਗੀ ਤੇ ਨਿਵੇਕਲੀ ਸੀ।

ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਦੇ ਪ੍ਰਚਾਰ ਦਾ ਮੁੱਖ ਮਾਧਿਅਮ ਸੰਗੀਤ ਨੂੰ ਚੁਣਿਆ। ਉਨ੍ਹਾਂ ਮਾਰਗੀ ਸੰਗੀਤ ਤੇ ਪਰਿਵਰਤਤ ਰੂਪ ਸ਼ਾਸਤਰੀ ਸੰਗੀਤ ਅਤੇ ਦੇਸੀ ਸੰਗੀਤ ਦੇ ਪਰਿਵਰਤਤ ਰੂਪ ਲੋਕ ਸੰਗੀਤ ਦਾ ਸੁਮੇਲ ਕਰਕੇ ਇਕ ਨਵੀਨ ਸੰਗੀਤ ਪ੍ਰੰਪਰਾ ਦੀ ਸਥਾਪਨਾ ਕੀਤੀ। ਇਸ ਵਿਸ਼ੇਸ਼ ਪੱਧਤੀ ਦਾ ਸਰੂਪ, ਮੌਲਿਕ ਸੰਗੀਤ ਪ੍ਰਬੰਧ, ਪ੍ਰਚਲਿਤ ਗਾਇਨ ਸ਼ੈਲੀਆਂ ਰਾਗਾਂ ਅਤੇ ਕੁਝ ਨਵੀਨ ਮੌਲਿਕ ਰਾਗਾਂ ਉਪਰ ਅਧਾਰਤ ਸੀ। ਭਾਰਤੀ ਸੰਗੀਤ ਦੀਆਂ ਬੁਨਿਆਦੀ ਵਿਸ਼ੇਸ਼ਤਾਵਾਂ ਅਤੇ ਮੌਲਿਕ ਸੰਗੀਤ ਵਿਧਾਨ ਦੀ ਧਾਰਣੀ ਗੁਰੂ ਨਾਨਕ ਦੇਵ ਜੀ ਦੇ ਦੁਆਰਾ ਚਲਾਈ ਗਈ, ਇਹ ਸੰਗੀਤ ਪ੍ਰੰਪਰਾ, ਸਿੱਖ ਗੁਰੂਆਂ ਦੁਆਰਾ ਸਿੱਖ ਸੰਗੀਤ ਜਾਂ ਗੁਰਮਤਿ ਦੇ ਰੂਪ ਵਿਚ ਵਿਕਸਿਤ ਹੋਈ।

ਸਿੱਖ ਸੰਗੀਤ ਨੂੰ ਭਾਰਤੀ ਸੰਗੀਤ ਸ਼ਾਸਤਰ ਅਤੇ ਭਾਰਤੀ ਸੰਗੀਤ ਇਤਿਹਾਸ ਦੇ ਸੰਦਰਭ ਵਿਚ ਬਹੁਤ ਘਟ ਵਾਚਿਆ ਗਿਆ ਹੈ। ਸੰਗੀਤ ਵਿਦਵਾਨਾਂ ਨੇ ਇਕ ਨਿਰੋਲ ਮੌਲਿਕ ਤੇ ਸੁਤੰਤਰ ਸੰਗੀਤ ਪੱਧਤੀ ਵਜੋਂ ਕਦੇ ਇਸ ਦਾ ਜ਼ਿਕਰ ਤਕ ਵੀ ਨਹੀਂ ਕੀਤਾ। ਸੰਗੀਤ ਵਿਦਵਾਨਾਂ, ਗੁਰਮਤਿ ਦੇ ਖੋਜੀਆਂ ਅਤੇ ਹੋਰ ਸਿੱਖ ਵਿਦਵਾਨਾਂ ਦੁਆਰਾ ਇਸ ਪ੍ਰੰਪਰਾ ਨੂੰ ਅਣਗੌਲਿਆਂ ਕਰਨ ਦਾ ਮੁਖ ਕਾਰਨ ਉਨ੍ਹਾਂ ਦਾ ਇਸ ਸਬੰਧੀ ਅਲਪ ਅਧਿਐਨ

ਹੀ ਸੀ। ਗੁਰਮਤਿ ਸੰਗੀਤ ਪੰਪਰਾ ਦੇ ਅਧਾਰ ਗ੍ਰੰਥ, ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂਆਂ, ਪੰਦਰਾਂ ਭਗਤਾਂ ਰਬਾਬੀਆਂ ਅਤੇ ਇਕ ਗੁਰੂ ਸੰਬੰਧੀ ਸੁੰਦਰ ਦੀ ਬਾਣੀ ਦਰਜ ਹੈ: ਸਮੁੱਚੀ ਬਾਣੀ ਨੂੰ ਵਿਸ਼ੇਸ਼ ਸੰਗੀਤ ਪ੍ਰਬੰਧ ਅਧੀਨ ਅੰਕਿਤ ਕਰਨ ਤੋਂ ਬਿਨਾ ਸਿੱਖ ਗੁਰੂਆਂ ਨੇ ਇਸ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੀਰਤਨ ਪ੍ਰੰਪਰਾ, ਕੀਰਤਨ ਕੇਂਦਰ ਅਤੇ ਸਿੱਖ ਕੀਰਤਨੀਆਂ ਵਰਗੇ ਉਚ ਪੱਧਰੀ ਸਾਧਨਾਂ ਦਾ ਪ੍ਰਯੋਗ ਕੀਤਾ। ਇਸ ਸੰਪੂਰਨ ਪੱਧਤੀ ਦਾ ਸੰਗੀਤ ਪ੍ਰਬੰਧ ਅਤੇ ਸੰਗੀਤ ਪ੍ਰਚਾਰ ਵਿਵਸਥਾ ਇਸ ਪ੍ਰਕਾਰ ਹੈ।

*ਰਾਗ:*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਪੁਜੀ, ਸਵੈਯੇ, ਅਤੇ ਸ਼ਲੋਕ ਵਾਰਾਂ ਤੋਂ ਵੀਧਕ ਤੋਂ ਬਿਨਾਂ ਸਮੁੱਚੀ ਬਾਣੀ ਰਾਗਬੱਧ ਹੈ। ਸ਼ਬਦ ਦੇ ਭਾਵ ਅਤੇ ਸੰਗੀਤ ਸ਼ਾਸਤਰ ਅਨੁਸਾਰ ਅਤਿ ਢੁਕਵੇਂ ਰਾਗਾਂ ਨੂੰ ਗਾਇਨ ਲਈ ਬਾਣੀ ਉਪਰ ਅੰਕਿਤ ਕੀਤਾ ਗਿਆ ਹੈ।

ਇਸ ਲਈ ਇਥੇ ਸਬੰਧਤ ਬਾਣੀ ਵਿਚ ਪ੍ਰਯੁਕਤ ਰਾਗਾਂ ਦੀ ਗਿਣਤੀ ਸਬੰਧੀ ਵਿਚਾਰ ਕਰਨੀ ਅਤਿ ਜ਼ਰੂਰੀ ਹੈ। ਅਜੇ ਤਕ ਆਦਿ ਗ੍ਰੰਥ ਵਿਚ ਪ੍ਰਯੋਗ ਹੋਏ ਰਾਗਾਂ ਦੀ ਕੁੱਲ ਗਿਣਤੀ ਸੰਬੰਧੀ ਸੰਗੀਤ ਸ਼ਾਸਤਰ ਦੀ ਦ੍ਰਿਸ਼ਟੀ ਤੋਂ ਅਧਿਐਨ ਨਹੀਂ ਕੀਤਾ ਗਿਆ। ਗੁਰਮਤਿ ਦੇ ਖੋਜੀ ਵਿਦਵਾਨ ਤੇ ਸਾਹਿਤਕਾਰਾਂ ਨੇ ਇਸ ਸਬੰਧੀ ਸੰਗੀਤ ਸ਼ਾਸਤਰ ਅਨੁਸਾਰ ਖੋਜ ਨਹੀਂ ਕੀਤੀ ਅਤੇ ਇਸ ਸਬੰਧ ਵਿਚ ਹੋਏ ਨਾ ਮਾਤਰ ਯਤਨ ਕੇਵਲ ਸਾਹਿਤਕ ਹੀ ਹਨ। ਇਹੀ ਕਾਰਨ ਹੈ ਕਿ ਗੁਰਮਤਿ ਦੇ ਵਿਦਵਾਨਾਂ ਨੇ ਇਸ ਗ੍ਰੰਥ ਦੇ ਰਾਗਾਂ ਦੀ ਕੁਲ ਗਿਣਤੀ 31 ਮੰਨੀ ਹੈ, ਜੋ ਹੇਠ ਲਿਖੇ ਅਨੁਸਾਰ ਹੈ।

1. ਸਿਰੀ, 2. ਮਾਝ, 3. ਗਉੜੀ, 4. ਆਸਾ, 5. ਗੂਜਰੀ, 6. ਦੇਵਗੰਧਾਰੀ, 7. ਬਿਹਾਗੜਾ, 8. ਵਡਹੰਸ, 9. ਸੋਰਠਿ, 10. ਧਨਾਸਰੀ, 11. ਜੈਤਸਰੀ, 12. ਟੋਡੀ, 13. ਬੈਰਾੜੀ, 14. ਤਿਲੰਗ, 15. ਸੂਹੀ, 16. ਬਿਲਾਵਲ, 17. ਗੋਂਡ, 18. ਰਾਮਕਲੀ, 19. ਨਟ ਨਾਰਾਇਣ, 20. ਮਾਲੀ ਗਉੜਾ, 21. ਮਾਰੂ, 22. ਤੁਖਾਰੀ, 23. ਕੇਦਾਰਾ, 24. ਭੈਰਉ, 25. ਬਸੰਤ, 26. ਸਾਰੰਗ, 27. ਮਲਾਰ, 28. ਕਾਨੜਾ, 29. ਕਲਿਆਣ, 30. ਪ੍ਰਭਾਤੀ, 31. ਜੈਜਾਵੰਤੀ

ਪ੍ਰਚਲਿਤ ਮੱਤ ਅਨੁਸਾਰ ਮੰਨੇ ਜਾਂਦੇ ਉਪਰੋਕਤ 31 ਰਾਗਾਂ ਅਧੀਨ ਆਦਿ ਗ੍ਰੰਥ ਵਿਚ 29 ਰਾਗ ਹੋਰ ਵੀ ਅੰਕਿਤ ਹਨ ਜਿਹੜੇ ਭਾਰਤੀ ਸੰਗੀਤ ਸ਼ਾਸਤਰ ਅਨੁਸਾਰ ਨਿਵੇਕਲੀ ਸੁਤੰਤਰ ਅਤੇ ਪਛਾਣਯੋਗ ਹੋਂਦ ਰੱਖਦੇ ਹਨ।

ਇਹ ਇਸ ਪ੍ਰਕਾਰ ਹਨ:

1. ਗਉੜੀ ਗੁਆਰੇਰੀ, 2. ਗਉੜੀ ਦੱਖਣੀ 3. ਗਉੜੀ ਚੇਤੀ, 4. ਗਉੜੀ ਬੈਰਾਗਣਿ, 5. ਗਉੜੀ ਦੀਪਕੀ, 6. ਗਉੜੀ ਪੂਰਬੀ ਦੀਪਕੀ, 7. ਗਉੜੀ ਪੂਰਬੀ, 8. ਗਉੜੀ ਮਾਝ, 9. ਗਉੜੀ ਮਾਲਾ, 10. ਗਉੜੀ ਮਾਲਵਾ, 11. ਗਉੜੀ ਸੋਰਠਿ, 12. ਆਸਾ ਕਾਫ਼ੀ, 13. ਆਸਾਵਾਰੀ, 14. ਦੇਵ ਗੰਧਾਰ, 15. ਵਡਹੰਸ ਦੱਖਣੀ, 16. ਤਿਲੰਗ ਕਾਫੀ, 17. ਸੂਹੀ ਕਾਫੀ, 18. ਸੂਹੀ ਲਲਿਤ, 19. ਬਿਲਾਵਲ ਦੱਖਣੀ, 20. ਬਿਲਾਵਲ ਗੋਂਡ, 21. ਰਾਮਕਲੀ ਦੱਖਣੀ, 22. ਨਟ, 23. ਮਾਰੂ ਕਾਫ਼ੀ, 24. ਮਾਰੂ ਦੱਖਣੀ, 25. ਬਸੰਤ ਹਿੰਡੋਲ, 26. ਕਲਿਆਣ ਭੋਪਾਲੀ, 27. ਪ੍ਰਭਾਤੀ ਦੱਖਣੀ, 28. ਪ੍ਰਭਾਤੀ ਬਿਆਸ, 29. ਬਿਭਾਸ ਪ੍ਰਭਾਤੀ।

ਗੁਰਮਤਿ ਸੰਗੀਤ ਪ੍ਰੰਪਰਾ ਦੇ ਅਧਾਰ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸੰਗੀਤ ਦੇ ਸੰਦਰਭ ਵਿਚ ਵਾਚਿਆਂ ਇਹ ਗੱਲ ਬਿਲਕੁਲ ਸਪਸ਼ਟ ਹੈ ਕਿ ਇਨ੍ਹਾਂ ਉਪਰੋਕਤ 29 ਰਾਗਾਂ ਵਿਚ ਚਲਨ, ਆਰੋਹ, ਅਵਰੋਹ, ਪਕੜ ਆਦਿ ਵਰਗੇ ਸਾਰੇ ਉਹ ਸੰਗੀਤ ਤੱਤ ਜਿਹੜੇ ਇਕ ਰਾਗ ਨੂੰ ਦੂਸਰੇ ਰਾਗ ਤੋਂ ਅਲੱਗ ਕਰਦੇ ਹਨ, ਪਹਿਲੇ 31 ਰਾਗਾਂ ਤੋਂ ਬਿਲਕੁਲ ਹੀ ਵੱਖਰੇ ਹਨ। ਇਨ੍ਹਾਂ ਰਾਗਾਂ ਦੇ ਸੁਤੰਤਰ ਸਰੂਪਾਂ ਸਮੇਤ ਗੁਰਮਤਿ ਸੰਗੀਤ ਪੱਧਤੀ ਦੇ ਕੁਲ 60 ਰਾਗਾਂ ਦੀ ਸੰਗੀਤ ਵਿਗਿਆਨ ਅਨੁਸਾਰ ਚਰਚਾ ਕੀਤੀ ਗਈ ਹੈ।

ਗੁਰਮਤਿ ਸੰਗੀਤ ਦੇ ਕੁਲ 60 ਰਾਗਾਂ ਵਿਚੋਂ ਕੁਝ ਰਾਗ ਅਜਿਹੇ ਵੀ ਹਨ ਜਿਹੜੇ ਕੇਵਲ ਗੁਰਮਤਿ ਸੰਗੀਤ ਪ੍ਰੰਪਰਾ ਦੇ ਅਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਦਰਜ ਹਨ। ਇਨ੍ਹਾਂ ਦਾ ਹਵਾਲਾ ਭਾਰਤੀ ਸੰਗੀਤ ਗ੍ਰੰਥਾਂ ਵਿਚ ਨਹੀਂ ਮਿਲਦਾ। ਇਸ ਲਈ ਨਿਮਨ ਲਿਖਤ ਰਾਗਾਂ ਨੂੰ ਗੁਰਮਤਿ ਸੰਗੀਤ ਪੱਧਤੀ ਦੇ ਮੌਲਿਕ ਰਾਗ ਮੰਨਿਆ ਹੈ:

1. ਮਾਝ, 2. ਗਉੜੀ ਗੁਆਰੇਰੀ, 3. ਗਉੜੀ ਬੈਰਾਗਣਿ, 4. ਗਉੜੀ ਦੀਪਕੀ, 5. ਗਉੜੀ ਪੂਰਬੀ ਦੀਪਕੀ, 6. ਗਉੜੀ ਮਾਝ, 7. ਗਉੜੀ ਮਾਲਵਾ, 8. ਗਉੜੀ ਮਾਲਾ, 9. ਗਉੜੀ ਸੋਰਠਿ, 10. ਆਸਾ, 11 ਆਸਾ ਕਾਫੀ, 12. ਵਡਹੰਸ, 13. ਤਿਲੰਗ ਕਾਫੀ, 14. ਸੂਹੀ ਕਾਫੀ, 15. ਸੂਹੀ ਲਲਿਤ, 16. ਬਿਲਾਵਲ ਗੋਂਡ, 17. ਮਾਰੂ ਕਾਫੀ, 18. ਮਾਰੂ, 19. ਤੁਖਾਰੀ, 20. ਬਸੰਤ ਹਿੰਡੋਲ, 21. ਪ੍ਰਭਾਤੀ ਬਿਭਾਸ, 22. ਬਿਭਾਸ ਪ੍ਰਭਾਤੀ

ਗੁਰੂ ਸਾਹਿਬਾਨ ਨੇ ਕੁਝ ਲੋਕ ਧੁਨਾਂ ਨੂੰ ਸ਼ਾਸਤਰੀ ਨਿਯਮਾਂ ਵਿਚ ਬੰਨ੍ਹ ਕੇ ਭਾਰਤੀ ਸੰਗੀਤ ਨੂੰ ਕਈ ਰਾਗ ਪ੍ਰਦਾਨ ਕੀਤੇ ਹਨ, ਅਜਿਹੇ ਰਾਗ ਹਨ:

1. ਮਾਝ, 2. ਆਸਾ, 3. ਵਡਹੰਸ, 4. ਤੁਖਾਰੀ,

ਆਦਿ ਗ੍ਰੰਥ ਵਿਚ ਦੱਖਣੀ ਭਾਰਤੀ ਸੰਗੀਤ ਵਿਚ ਪ੍ਰਚਲਿਤ ਕੁਝ ਰਾਗਾਂ ਦੇ ਪ੍ਰਯੋਗ ਕੀਤੇ ਜਾਣਾ ਸਿੱਖ ਗੁਰੂਆਂ ਦੇ ਵਿਸ਼ਾਲ ਸੰਗੀਤਕ ਅਧਿਐਨ ਦਾ ਪ੍ਰਤੱਖ ਸਬੂਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੱਖਣੀ ਪੱਧਤੀ ਦੇ ਰਾਗ ਨੂੰ ਬਾਣੀ ਦੇ ਗਾਇਨ ਹਿੱਤ ਵਰਤਿਆ ਜਿਵੇਂ:

1. ਗਉੜੀ ਦੱਖਣੀ, 2. ਵਡਹੰਸ ਦੱਖਣੀ, 3. ਵਿਲਾਵਲ ਦੱਖਣੀ, 4. ਰਾਮਕਲੀ ਦੱਖਣੀ, 5. ਮਾਰੂ ਦੱਖਣੀ ਅਤੇ 6. ਪ੍ਰਭਾਤੀ ਦੱਖਣੀ।

ਗੁਰਮਤਿ ਸੰਗੀਤ ਵਿਚ ਪ੍ਰਚਲਿਤ ਮਹਾਨ ਅਤੇ ਵਿਸ਼ਾਲ ਪ੍ਰੰਪਰਾ ਨੂੰ ਅਜੇ ਤਕ ਪੂਰਨ ਰੂਪ ਵਿਚ ਉਜਾਗਰ ਨਹੀਂ ਕੀਤਾ ਗਿਆ। ਸੋ ਇਸ ਸੰਗੀਤ ਪ੍ਰੰਪਰਾ ਦੇ ਇਨ੍ਹਾਂ ਨਵੇਂ ਤੱਥਾਂ ਨੂੰ ਭਾਰਤੀ ਸੰਗੀਤ ਅਤੇ ਵਿਸ਼ਵ ਸੰਗੀਤ ਵਿਚ ਪ੍ਰਚਾਰਨ ਦੀ ਅਤਿ ਲੋੜ ਹੈ।

***ਘਰੁ:***

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਉਪਰ ਮਹਲਾ ਤੇ ਰਾਗ ਦੇ ਸਿਰਲੇਖ ਤੋਂ ਬਿਨਾਂ 'ਘਰ' ਵੀ ਵਖ ਵਖ ਗਿਣਤੀ ਵਿਚ ਅੰਕਿਤ ਮਿਲਦੇ ਹਨ। ਇਨ੍ਹਾਂ ਦੀ ਗਿਣਤੀ 1 ਤੋਂ 17 ਤਕ ਹੈ। ਗੁਰਮਤਿ ਸੰਗੀਤ ਸਬੰਧੀ ਹੁਣ ਤਕ ਹੋਈ ਖੋਜ ਵਿਚ ਘਰੁ ਨੂੰ ਤਾਲ ਹੀ ਮੰਨਿਆ ਗਿਆ ਹੈ। ਤਾਲ ਨੂੰ ਘਰੁ ਲਿਖਣ ਦੀ ਇਹ ਪ੍ਰਥਾ ਈਰਾਨੀ ਤਾਲ ਪੱਧਤੀ ਸਮਾਨ ਜਾਪਦੀ ਹੈ। ਈਰਾਨੀ ਤਾਲ ਪੱਧਤੀ ਵਿਚ ਵਖ ਤਾਲ ਰੂਪਾਂ ਨੂੰ ਇਕ ਗਾਹ, ਦੋ ਗਾਹ, ਤਿੰਨ ਗਾਹ ਕਿਹਾ ਜਾਂਦਾ ਹੈ। ਇਸ ਲਈ ਸੰਭਵ ਹੈ ਕਿ ਵਖ ਵਖ ਘਰੁ ਵਖ ਵਖ ਤਾਲ ਦਰਸਾਉਣ ਲਈ ਹੀ ਵਰਤੇ ਗਏ ਹੋਣ।

***ਰਹਾਉ:***

ਭਗਤਾਂ ਅਤੇ ਗੁਰੂਆਂ ਦੀ ਸਮੁੱਚੀ ਬਾਣੀ ਦੇ ਸੰਗੀਤ ਵਿਧਾਨ ਦਾ ਅਗਲਾ ਮਹੱਤਵਪੂਰਨ ਅੰਗ 'ਰਹਾਉ' ਹੈ। ਬਾਣੀ ਵਿਚ ਕਾਵਿ ਰਚਨਾ ਦੇ ਕਿਸੇ ਇਕ ਵਿਚਾਰ ਨੂੰ ਦ੍ਰਿੜ ਕਰਨ ਲਈ ਉਸਦੇ ਅਨੇਕ ਪਹਿਲੂ, ਉਦਾਹਰਣਾਂ ਅਤੇ ਪ੍ਰਮਾਣ ਦਿੱਤੇ ਗਏ ਹਨ ਅਤੇ ਕਾਵਿ ਰਚਨਾਂ ਦੇ ਕੇਂਦਰੀ ਭਾਵ ਜਾਂ ਮੁੱਖ ਵਿਚਾਰ ਤੁਕ ਪਿਛੇ 'ਰਹਾਉ' ਦਾ ਸੰਕੇਤ ਮਿਲਦਾ ਹੈ। ਰਹਾਉ ਦਾ ਭਾਵ ਹੈ, ਅਧਾਰ ਜਾਂ ਟੇਕ। ਗੁਰਮਤਿ ਸੰਗੀਤ ਵਿਚ ਇਸ ਰਹਾਉ ਵਾਲੀ ਤੁਕ ਦਾ ਵਿਸ਼ੇਸ਼ ਮਨੋਰਥ ਇਹ ਹੈ ਕਿ ਸੰਬੰਧਤ ਸ਼ਬਦ ਦੇ ਗਾਇਨ ਸਮੇਂ ਇਸ ਸੰਕੇਤ ਵਾਲੀ ਤੁਕ ਨੂੰ ਸਥਾਈ ਦੇ ਰੂਪ ਵਿਚ ਗਾਉਣਾ ਹੈ ਕਿਉਂਕਿ ਇਸ ਵਿਚ ਕਾਵਿ ਰਚਨਾ ਦਾ ਕੇਂਦਰੀ ਭਾਵ ਮੌਜੂਦ ਹੈ, ਇਸ ਲਈ ਇਸ ਦਾ ਬਾਰ ਬਾਰ ਗਾਇਨ ਕਰਕੇ ਇਸ ਨੂੰ ਦ੍ਰਿੜ ਕਰਨਾ ਹੀ ਗਾਇਨ ਦਾ ਮੂਲ ਮਨੋਰਥ ਹੈ। ਬਾਣੀ ਦੇ ਇਨ੍ਹਾਂ ਸ਼ਬਦਾਂ ਵਿਚ ਵਖ ਵਖ ਦਲੀਲਾਂ, ਪਹਿਲੂਆਂ ਅਤੇ ਉਦਾਹਰਣਾਂ ਨੂੰ ਵਖ ਵਖ ਅੰਕਾਂ ਅਧੀਨ ਲਿਖਿਆ ਗਿਆ ਹੈ, ਜਿਨ੍ਹਾਂ ਦਾ ਇਸ ਸੰਗੀਤ ਵਿਧਾਨ ਵਿਚ ਅੰਤਰਿਆਂ ਦੇ ਰੂਪ ਵਿਚ ਗਾਇਨ ਕਰਨਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੀ ਇਕ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਜਿਹੜੇ ਜਿਥੇ ਕਿਤੇ ਭਾਵ ਪਰਿਵਰਤਨ ਹੋ ਗਿਆ ਜਾਂ ਸ਼ਬਦ ਵਿਚਲੀ ਸਮਸਿਆ ਦਾ ਸਮਾਧਾਨ ਹੋ ਗਿਆ, ਉਥੇ ਇਕ ਤੋਂ ਵਧੇਰੇ ਰਹਾਉ ਵੀ ਵਰਤੇ ਗਏ ਹਨ। ਰਹਾਉ ਬਦਲਣ ਲਈ ਇਕ ਰਹਾਉ, ਰਹਾਉ ਦੂਜਾ, ਰਹਾਉ ਤੀਜਾ, ਆਦਿ ਸੰਕੇਤਾਂ ਦੀ ਵਰਤੋਂ ਕੀਤੀ ਗਈ ਹੈ। ਕਈ ਵੇਰ ਤਾਂ ਭਾਵ ਪਰਿਵਰਤਨ ਦੇ ਨਾਲ ਨਾਲ ਚਾਰ ਰਹਾਉ ਵੀ ਅੰਕਿਤ ਮਿਲਦੇ ਹਨ।

***ਅੰਕ:***

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਯੋਗ ਕੀਤੇ ਗਏ ਅੰਕਾਂ ਦੀ ਵਿਸ਼ੇਸ਼ ਸੰਗੀਤਕ ਮਹੱਤਵ ਹੈ। ਹਰ ਤੁਕ ਦੀ ਸਮਾਪਤੀ ਪਿਛੇ ਅੰਕ ਇਕ, ਦੋ, ਤਿੰਨ ਦੀ ਵਰਤੋਂ ਆਮ ਮਿਲਦੀ ਹੈ। ਅੰਤ ਵਿਚ ਇਨ੍ਹਾਂ ਅੰਕਾਂ ਦੀ ਕੁਝ ਗਿਣਤੀ ਵੀ ਦਰਜ ਕੀਤੀ ਗਈ ਹੈ। ਇਨ੍ਹਾਂ ਅੰਕਾਂ ਵਿਚ ਰਹਾਉ ਵਾਲੀ ਤੁਕ ਨੂੰ ਸ਼ਾਮਲ ਨਹੀਂ ਕੀਤਾ ਗਿਆ। ਸਗੋਂ ਸਮੁੱਚੇ ਕਾਵਿ ਵਿਧਾਨ ਵਿਚ ਉਸਦੀ ਸੁਤੰਤਰੀ ਹੋਂਦ ਹੈ। ਗੁਰਮਤਿ ਸੰਗੀਤ ਵਿਚ ਰਹਾਉ ਨੂੰ ਸ਼ਬਦ ਗਾਇਨ ਵੇਲੇ ਸਥਾਈ ਬਨਾਉਣ ਦਾ ਨਿਯਮ ਹੈ। ਇਸ ਸਬੰਧੀ ਅਸੀਂ ਉਪਰ ਵਿਚਾਰ ਕਰ ਆਏ ਹਾਂ। ਠੀਕ ਉਸੇ ਤਰ੍ਹਾਂ ਹਰ ਇਕ ਅੰਕ ਵਾਲੀ ਸੰਪੂਰਨ ਤੁਕ ਨੂੰ ਸ਼ਬਦ ਗਾਇਨ ਕਰਨ ਵੇਲੇ ਅੰਤਰੇ ਦੇ ਰੂਪ ਵਿਚ ਗਾਉਣ ਇਸ ਸੰਗੀਤ ਵਿਧਾਨ ਦਾ ਲਾਜ਼ਮੀ ਨਿਯਮ ਹੈ। ਭਾਵ ਪਹਿਲਾਂ ਰਹਾਉ ਦੀ ਤੁਕ ਦਾ ਗਾਇਨ ਸਥਾਈ ਰੂਪ ਵਿਚ ਫੇਰ ਅੰਕ ਵਾਲੀ ਤੁਕ ਦਾ ਗਾਇਨ ਅੰਤਰੇ ਦੇ ਰੂਪ ਵਿਚ, ਫੇਰ ਰਹਾਉ ਸਥਾਈ ਵਜੋਂ, ਫੇਰ ਅੰਕ ਦੇ ਅੰਤਰੇ ਵਜੋਂ ਆਦਿ ਆਦਿ। ਉਪਰੋਕਤ ਵਿਧੀ ਦਾ ਪਾਲਣ ਕਰਕੇ ਹੀ ਗਾਇਕ ਸ਼ਬਦ ਦਾ ਭਾਵ ਉਘਾੜ ਸਕੇਗਾ ਅਤੇ ਸ਼ਬਦ ਦੇ ਸਹੀ ਭਾਵ ਦਾ ਸੰਚਾਰ ਸਰੋਤੇ ਤੱਕ ਕਰ ਸਕੇਗਾ।

*ਮਾਝਾ:*

ਸੰਗੀਤਵੇਤਾ ਇਸ ਤੱਥ ਤੋਂ ਭਲੀ ਭਾਂਤ ਪਰਿਚਿਤ ਹਨ ਕਿ ਭਾਰਤੀ ਸੰਗੀਤ ਦੀ ਧਰੁਪਦ ਗਾਇਨ ਸ਼ੈਲੀ ਵਿਚ ਚਾਰ ਭਾਗ ਪ੍ਰਚੱਲਿਤ ਹਨ।

1. ਸਥਾਈ 2. ਅੰਤਰਾ 3. ਸੰਚਾਰੀ 4. ਆਭੋਗ।

ਸਥਾਈ ਪਹਿਲਾ, ਅੰਤਰਾ ਦੂਜਾ, ਸੰਚਾਰੀ ਅਤੇ ਆਭੋਗ ਚੌਥਾ ਭਾਗ ਹੁੰਦਾ ਹੈ। ਖ਼ਿਆਲ ਗਾਇਨ ਵਿਚ ਕੇਵਲ ਸਥਾਈ ਅਤੇ ਅੰਤਰਾ ਦੋ ਭਾਗ ਹੀ ਹੁੰਦੇ ਹਨ। ਉਸੇ ਗੀਤ ਅਨੁਸਾਰ ਕਈ ਸ਼ਬਦਾਂ ਵਿਚ ਸਥਾਈ ਅਤੇ ਅੰਤਰਾ ਦਾ ਹੀ ਗਾਇਨ ਕੀਤਾ ਜਾਂਦਾ ਹੈ ਅਤੇ ਕੁਝ ਸ਼ਬਦ ਅਜਿਹੇ ਵੀ ਉਪਲਭਧ ਹਨ, ਜਿਨ੍ਹਾਂ ਵਿਚ ਦੋ ਤੁਕਾਂ ਦੀ ਸਥਾਈ ਜਿਸ ਨੂੰ ਰਹਾਉ ਕਰਕੇ ਅੰਕਿਤ ਕੀਤਾ ਗਿਆ ਹੈ, ਉਸ ਉਪਰੰਤ ਕੇਵਲ ਇਕ ਤੁਕ ਸੰਚਾਰੀ ਅਤੇ ਨਾ ਹੀ ਅੰਤਰੇ ਦੇ ਰੂਪ ਵਿਚ ਗਾਇਨ ਕਰਨਾ ਹੈ। ਇਸ ਦੀ ਸੁਰ ਰਚਨਾ ਸਥਾਈ ਅਤੇ ਅੰਤਰੇ ਦੇ ਵਿਚਕਾਰ ਵਿਚਰਣ ਕਰਦੀ ਹੈ। ਉਸ ਤੋਂ ਪਿਛੋਂ ਕਈ ਸ਼ਬਦਾਂ ਵਿਚ ਦੋ ਤੁਕਾਂ ਦਾ ਅੰਤਰਾ ਮਿਲਦਾ ਹੈ।

ਉਦਾਹਰਣ ਦੇ ਤੌਰ ਤੇ ਇਸ ਤਰ੍ਹਾਂ ਦੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹਨ, ਜਿਵੇਂ:

ਮਲਾਰ ਮਹਲਾ 5

*ਪ੍ਰਿਅ ਕੀ ਸੋਭ ਸੁਹਾਵਨੀ ਨੀਕੀ*

*ਹਾਹਾ ਹੂਹੂ ਗੰਧ੍ਰਬ ਅਪਸਰਾ*

*ਅਨਦ ਮੰਗਲ ਰਸ ਗਾਵਨੀ ਨੀਕੀ। ੧। ਰਹਾਉ।*

*ਪੁਨਿਤ ਲਲਿਤ ਗੁਨਗ ਅਨਿਕ ਭਾਂਤ*

*ਬਹੁ ਬਿਧਿ ਰੂਪ ਦਿਖਾਵਨੀ ਨੀਕੀ।੧।*

*ਗਿਰਿ ਤਰ ਥਲ ਜਲ ਭਵਨ ਭਰਪੁਰਿ*

*ਘਟਿ ਘਟਿ ਲਾਲਨ ਛਾਵਨੀ ਨੀਕੀ।*

*ਸਾਧ ਸੰਗਿ ਰਾਮਈਆ ਰਸ ਪਾਈਓ*

*ਨਾਨਕ ਜਾਕੇ ਭਾਵਨੀ ਨੀਕੀ।੨।*

ਉਪਰੋਕਤ ਸ਼ਬਦ ਵਿਚ ਹੇਠ ਲਿਖੀ ਤੁਕ ਮਾਝਾ ਹੈ

*ਪੁਨਿਤ ਲਲਿਤ ਗੁਨਗ ਅਨਿਕ ਭਾਂਤਿ*

*ਬਹੁ ਬਿਧਿ ਰੂਪ ਦਿਖਾਵਨੀ ਨੀਕੀ।੩।*

*ਗਾਇਨ ਸ਼ੈਲੀਆਂ*

ਅਸੀਂ ਪਹਿਲਾਂ ਵਿਚਾਰ ਆਏ ਹਾਂ ਕਿ ਗੁਰੂ ਨਾਨਕ ਸਾਹਿਬ ਦੇ ਆਗਮਨ ਤੱਕ ਮਾਰਗੀ ਸੰਗੀਤ ਅਤੇ ਦੇਸੀ ਸੰਗੀਤ ਵਖੋ ਵਖਰੇ ਰੂਪਾਂ ਵਜੋਂ ਸਥਾਪਤ ਹੋ ਚੁੱਕੇ ਸਨ ਅਤੇ ਇਨ੍ਹਾਂ ਵਿਚਲਾ ਪਾੜਾ ਦਿਨੋਂ ਦਿਨ ਵਧ ਰਿਹਾ ਸੀ। ਸਿੱਖ ਗੁਰੂਆਂ ਨੇ ਮਾਰਗੀ ਸੰਗੀਤ (ਸ਼ਾਸਤਰੀ ਸੰਗੀਤ) ਅਤੇ ਦੇਸੀ ਸੰਗੀਤ (ਲੋਕ ਸੰਗੀਤ) ਵਿਚਲੇ ਪਾੜੇ ਨੂੰ ਖਤਮ ਕਰਨ ਦੇ ਲਈ ਦੋਵੇਂ ਸੰਗੀਤ ਰੂਪਾਂ ਦੀ ਵਰਤੋਂ ਕੀਤੀ।

*ਲੋਕ ਸੰਗੀਤ*

ਗੁਰਮਤਿ ਸੰਗੀਤ ਪਰੰਪਰਾ ਨੇ ਅਧਿਆਤਮਵਾਦੀ ਸੰਦੇਸ਼ ਆਮ ਲੋਕਾਂ ਤਕ ਪਹੁੰਚਾਉਣ ਲਈ ਇਕ ਵਿਸ਼ੇਸ਼ ਸੰਗੀਤ ਪ੍ਰਬੰਧ ਦੁਆਰਾ ਸਧਾਰਣ ਲੋਕਾਂ ਦੀ ਗੱਲ ਉਨ੍ਹਾਂ ਦੇ ਸੰਗੀਤ ਰੂਪਾਂ ਵਿਚ ਕੀਤੀ। ਇਸੇ ਉਦੇਸ਼ ਨੂੰ ਮੁੱਖ ਰੱਖਕੇ ਸਿੱਖ ਗੁਰੂਆਂ ਨੇ ਲੋਕ ਕਾਵਿ ਦੀਆਂ ਅਨੇਕ ਗਾਇਨ ਸ਼ੈਲੀਆਂ ਦਾ ਪ੍ਰਯੋਗ ਆਪਣੀ ਬਾਣੀ ਵਿਚ ਕੀਤਾ। ਜਿਵੇਂ ਅਲਾਹੁਣੀਆਂ, ਘੋੜੀਆਂ ਆਦਿ। ਲੋਕ ਸੰਗੀਤ ਅਤੇ ਸ਼ਾਸਤਰੀ ਸੰਗੀਤ ਦੇ ਸੁਮੇਲ ਲਈ ਉਨ੍ਹਾਂ ਸਬੰਧਤ ਲੋਕ ਕਾਵਿ ਦੇ ਨਾਲ ਮਿਲਦੇ ਜੁਲਦੇ ਰਾਗ ਜਾਂ ਮੌਲਿਕ ਰਾਗ ਦੀ ਰਚਨਾ ਕਰਕੇ ਸਿਰਲੇਖ ਰੂਪ ਦਿੱਤਾ। ਜਿਵੇਂ ਰਾਗ ਆਸਾ, ਮਾਝ, ਵਡਹੰਸ, ਤੁਖਾਰੀ ਸਭ ਲੋਕ ਧੁਨਾਂ ਤੋਂ ਵਿਕਸਿਤ ਗੁਰਮਤਿ ਸੰਗੀਤ ਦੇ ਮੌਲਿਕ ਰਾਗ ਹਨ। ਲੋਕ ਕਾਵਿ ਰੂਪ ਘੋੜੀਆਂ ਉਪਰ ਰਾਗ ਵਡਹੰਸ ਦਾ ਸਿਰਲੇਖ ਦਿੱਤਾ ਗਿਆ ਹੈ, ਇਸੇ ਤਰ੍ਹਾਂ ਬਾਰਾਮਾਹ ਉਪਰ ਰਾਗ ਤੁਖਾਰੀ ਦਾ। ਇਸ ਪ੍ਰੰਪਰਾ ਅਧੀਨ ਸੋਹਲੇ, ਛੰਦ ਅਲਾਹੁਣੀਆਂ, ਘੋੜੀਆਂ ਸਲੋਕ ਆਦਿ ਅਨੇਕ ਲੋਕ ਕਾਵਿ ਰੂਪ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਜਿਨ੍ਹਾਂ ਦੀ ਵਿਸ਼ੇਸ਼ ਲੋਕ ਧਨ ਅਤੇ ਸੰਗੀਤ ਵਿਧਾਨ ਹੈ।

*ਸ਼ਾਸਤਰੀ ਸੰਗੀਤ:*

ਪੜਤਾਲ ਗਾਇਕੀ ਦੀ ਸਿਰਜਣਾ ਗੁਰੂ ਰਾਮਦਾਸ ਜੀ ਨੇ ਕੀਤੀ। ਸ਼ਾਸਤਰੀ ਸੰਗੀਤ ਦੀ ਇਸ ਮਹੱਤਵਪੂਰਨ ਤੇ ਅਪ੍ਰਸਿਧ ਗਾਇਨ ਸ਼ੈਲੀ ਵਿਚ ਕਿਸੇ ਸ਼ਬਦ ਦੇ ਗਾਇਨ ਲਈ ਹਰ ਅੰਤਰੇ ਲਈ ਵਖ ਵਖ ਪੰਜ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਪਰ ਸਥਾਈ ਲਈ ਇਕੋ ਤਾਲ ਰਹਿੰਦੀ ਹੈ। ਹਰ ਅੰਤਰੇ ਪਿਛੋਂ ਸਬੰਧਤ ਤਾਲ ਦੀ ਤਿਹਾਈ ਮਾਰਨ ਲਈ ਵਿਸ਼ੇਸ਼ ਤੋਲ ਤੁਕਾਂਤ ਮੌਜੂਦ ਹੁੰਦਾ ਹੈ। ਪੜਤਾਲ ਦੀ ਸਮੁੱਚੀ ਕਵਿਤਾ ਕਾਫੀ ਗੁੰਦਵੀਂ ਅਤੇ ਕਾਵਿ ਰੂਪ ਨਿਰਾਲਾ ਹੈ। ਸਮੁੱਚੇ ਸ਼ਬਦ ਦਾ ਗਾਇਨ ਇਕ ਰਾਗ ਵਿਚ ਹੁੰਦਾ ਹੈ। ਉਦਾਹਰਣ ਹਿਤ ਬਿਲਾਵਲ, ਨਟਨਾਰਾਇਣ, ਨਟ, ਸਾਰੰਗ, ਮਲ੍ਹਾਰ, ਕਾਨੜਾ ਅਤੇ ਪ੍ਰਭਾਤੀ ਬਿਭਾਸ ਰਾਗਾਂ ਵਿਚ ਗੁਰੂ ਰਾਮ ਦਾਸ ਜੀ ਦੁਆਰਾ 19 ਪੜਤਾਲਾਂ ਅਤੇ ਰਾਗ ਆਸਾ, ਧਨਾਸਰੀ, ਬਿਲਾਵਲ, ਰਾਮਕਲੀ, ਨਟ, ਭੈਰਵ, ਸਾਰੰਗ, ਮਲ੍ਹਾਰ ਅਤੇ ਪ੍ਰਭਾਤੀ ਬਿਭਾਸ

ਆਦਿ ਪ੍ਰਸਿਧ ਰਾਗਾਂ ਵਿਚ ਗੁਰੂ ਅਰਜਨ ਦੇਵ ਜੀ ਦੀਆਂ 36 ਪੜਤਾਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਪਲੱਬਧ ਹਨ।

ਭਾਰਤੀ ਸੰਗੀਤ ਅਤੇ ਗੁਰੂ ਸਾਹਿਬਾਨ ਦੇ ਸਮਕਾਲੀ ਸੰਗੀਤ ਵਿਚ ਪੜਤਾਲ ਗਾਇਕੀ ਦਾ ਉਲੇਖ ਹੋਰ ਕਿਧਰੇ ਨਹੀਂ ਮਿਲਦਾ।

ਪੜਤਾਲ ਗਾਇਕੀ ਦੇ ਹੇਠ ਲਿਖੇ ਕਾਵਿ ਰੂਪ ਤੋਂ ਇਸ ਵਿਚਲੇ ਵਿਦਮਾਨ ਸੰਗੀਤਕ ਅਤੇ ਕਾਵਿ ਗੁਣਾਂ ਦਾ ਅੰਦਾਜ਼ਾ ਸਹਿਜੇ ਹੀ ਲੱਭ ਸਕਦਾ ਹੈ।

*ਕਾਨੜਾ ਮਹਲਾ ੪ ਘਰੁ ੫*
*ਮਨ ਜਾਪਹੁ ਰਾਮ ਗੁਪਾਲ॥*
*ਹਰਿ ਰਤਨ ਜਵੇਹਰ ਲਾਲ॥*
*ਹਰਿ ਗੁਰਮੁਖਿ ਘੜਿ ਟਕਸਾਲ॥*
*ਹਰਿ ਹੋ ਹੋ ਹੋ ਕਿਰਪਾ॥੧॥ ਰਹਾਉ॥*
*ਤੁਮਰੇ ਗੁਨ ਅਗਮ ਅਗੋਚਰ*
*ਏਕ ਜੀਅ ਕਿਆ ਕਥੇ ਬਿਚਾਰੀ,*
*ਰਾਮ ਰਾਮ ਰਾਮ ਰਾਮ ਲਾਲ॥*
*ਤੁਮਰੀ ਜੀ ਅਕਥ ਕਥਾ,*
*ਤੂ ਤੂ ਤੂ ਹੀ ਜਾਨਹਿ*
*ਹਉ ਹਰਿ ਜਪਿ ਭਈ ਨਿਹਾਲ ਨਿਹਾਲ ਨਿਹਾਲ॥੧॥*
*ਹਮਰੇ ਹਰਿ ਪ੍ਰਾਨ ਸਖਾ ਸੁਆਮੀ ਹਰਿ ਮੀਤਾ*
*ਮੇਰੇ ਮਨਿ ਤਨਿ ਜੀਅ ਹਰਿ ਹਰੇ*
*ਹਰੇ ਰਾਮਨਾਮ ਧਨੁ ਮਾਲ॥*
*ਜਾ ਕੇ ਭਾਗੁ ਤਿਨਿ ਲੀਓ ਰੀ ਸੁਹਾਗੁ*
*ਹਰਿ ਹਰਿ ਹਰੇ ਹਰੇ ਗੁਨ ਗਾਵੈ ਗੁਰਮਤਿ,*
*ਹਉ ਬਲਿ ਬਲੇ, ਹਉ ਬਲਿ ਬਲੇ*
*ਜਨ ਨਾਨਕ ਹਰਿ ਜਪਿ ਭਈ ਨਿਹਾਲ ਨਿਹਾਲ ਨਿਹਾਲ ।੨।੧।੭।*

*ਸ੍ਰੀ ਗੁਰੂ ਨਾਨਕ ਦੇਵ ਜੀ*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਆਪਣੀ ਬਾਣੀ ਵਿਚ 'ਸ਼ਾਇਰ' ਤੇ 'ਢਾਡੀ' ਆਖਿਆ ਹੈ। ਉਹ ਇਕ ਮਹਾਨ ਸੰਗੀਤਚਾਰੀਆਂ ਸਨ। ਗੁਰੂ ਨਾਨਕ ਸਾਹਿਬ ਨੇ ਵਖ ਵਖ 38 ਰਾਗਾਂ ਵਿਚ ਬਾਣੀ ਰਚੀ, ਆਪਣੇ ਅਨੇਕ ਗਾਇਨ ਸ਼ੈਲੀਆਂ ਅਤੇ ਕਾਵਿ ਰੂਪਾਂ ਦਾ ਉਪਯੋਗ ਕੀਤਾ ਜੋ ਪੰਜਾਬੀ ਸਾਹਿਤ ਅਤੇ ਭਾਰਤੀ ਸੰਗੀਤ ਦਾ ਉੱਤਮ ਨਮੂਨਾ ਹਨ।

ਉਪਰ ਅਸੀਂ ਵਿਚਾਰ ਆਏ ਹਾਂ ਕਿ ਮੁਸਲਮਾਨਾਂ ਦੇ ਆਗਮਨ ਨਾਲ ਭਾਰਤੀ ਸੰਗੀਤ ਉੱਤਰੀ ਭਾਰਤੀ ਸੰਗੀਤ ਦੇ ਦੱਖਣੀ ਭਾਰਤੀ ਸੰਗੀਤ ਨਾਮੀ ਦੋ ਪੱਧਤੀਆਂ ਵਿਚ ਵੰਡ ਚੁੱਕਾ ਸੀ। ਇਨ੍ਹਾਂ ਪੱਧਤੀਆਂ ਵਿਚਲੇ ਪਾੜੇ ਨੂੰ ਖਤਮ ਕਰਨ ਲਈ ਪੰਡਤ ਸਾਰੰਗਦੇਵ ਨੇ 'ਸੰਗੀਤ ਰਤਨਾਕਰ' ਗ੍ਰੰਥ ਲਿਖਕੇ ਜਿਥੇ ਸ਼ਾਸਤਰ ਪੱਖ ਤੋਂ ਯੋਗਦਾਨ ਪਾਇਆ ਉਥੇ ਗੁਰੂ ਨਾਨਕ ਸਾਹਿਬ ਪਹਿਲੇ ਅਜਿਹੇ ਵਿਅਕਤੀ ਸਨ, ਜਿਨ੍ਹਾਂ ਕਿਰਿਆਤਮਕ ਰੂਪ ਵਿਚ ਦੋਵਾਂ ਪੱਧਤੀਆਂ ਨੂੰ ਮੇਲਣ ਦਾ ਯਤਨ ਕੀਤਾ। ਆਪਣੇ ਦੱਖਣੀ ਪੱਧਤੀ ਦੇ ਕਈ ਰਾਗਾਂ ਵਿਚ ਬਾਣੀ ਰਚੀ। ਉਦਾਹਰਣ ਦੇ ਤੌਰ ਉਤੇ ਗਉੜੀ ਦੱਖਣੀ, ਵਡਹੰਸ ਦੱਖਣੀ, ਮਾਰੂ ਦੱਖਣੀ, ਬਿਲਾਵਲ ਦੱਖਣੀ ਆਦਿ।

ਉਦਾਸੀਆਂ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਜਿਥੇ ਜਾਂਦੇ ਆਪਣੇ ਸਾਥੀ ਭਾਈ ਮਰਦਾਨੇ ਦੀ ਰਬਾਬ ਦੀ ਮਧੁਰ ਝਨਕਾਰ ਵਿਚ ਬਾਣੀ ਦਾ ਗਾਇਨ ਕਰਕੇ ਲੋਕਾਂ ਨੂੰ ਆਪਣੇ ਵੱਲ ਆਕਰਸ਼ਤ ਕਰਦੇ ਅਤੇ ਉਪਦੇਸ਼ ਦਿੰਦੇ।

*ਭਾਈ ਮਰਦਾਨਾ:*

ਭਾਈ ਮਰਦਾਨਾ ਦੀ ਸਖਸ਼ੀਅਤ ਨਾਲ ਸਿੱਖ ਇਤਿਹਾਸਕਾਰਾਂ ਅਤੇ ਸਾਖੀਕਾਰਾਂ ਨੇ ਹਮੇਸ਼ਾ ਅਨਿਆ ਹੀ ਕੀਤਾ ਹੈ। ਇਨ੍ਹਾਂ ਭਾਈ ਮਰਦਾਨਾ ਨੂੰ ਮੰਗ ਪਿੰਨ ਕੇ ਖਾਣ ਵਾਲੇ ਡੂਮ ਮਿਰਾਸੀ ਦੇ ਪਾਤਰ ਦੇ ਰੂਪ ਵਿਚ ਚਿਤਰਿਆ ਹੈ ਪਰ ਇਸ ਮਹਾਨ ਸੰਗੀਤਾਚਾਰੀਆ, ਗੁਰੂ ਨਾਨਕ ਦੇਵ ਜੀ ਦੇ ਇਸ ਸਹਾਇਕ ਅਤੇ ਮਹਾਨ ਰਬਾਬੀ ਦੇ ਯੋਗਦਾਨ ਨੂੰ ਕੌਣ ਭੁੱਲ ਸਕਦਾ ਹੈ। ਭਾਈ ਮਰਦਾਨਾ ਨੇ ਉਦਾਸੀਆਂ ਸਮੇਂ ਗੁਰੂ ਨਾਨਕ ਸਾਹਿਬ ਨਾਲ ਰਬਾਬ ਉਤੇ ਸੰਗਤ ਹੀ ਨਹੀਂ ਕੀਤੀ ਸਗੋਂ ਗੁਰੂ ਨਾਨਕ ਬਾਣੀ ਦਾ ਗਾਇਨ ਵੀ ਕੀਤਾ। ਜਨਮ ਸਾਖੀਆਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਬਾਣੀ ਦੀ ਕਾਵਿ ਸਿਰਜਣਾ ਪ੍ਰਕ੍ਰਿਆ ਵਿਚ ਭਾਈ ਮਰਦਾਨੇ ਦੇ ਰਬਾਬ ਵਾਦਨ ਦਾ ਅਹਿਮ ਸਥਾਨ ਸੀ।

*ਸ੍ਰੀ ਗੁਰੂ ਅੰਗਦ ਦੇਵ ਜੀ:*

ਸ੍ਰੀ ਗੁਰੂ ਅੰਗਦ ਦੇਵ ਜੀ ਨੇ 10 ਰਾਗਾਂ ਵਿਚ ਬਾਣੀ ਰਚੀ। ਉਨ੍ਹਾਂ ਕੀਰਤਨ ਦੀ ਪ੍ਰਥਾ ਨੂੰ ਲਾਜ਼ਮੀ ਰੂਪ ਵਿਚ ਅਪਣਾਇਆ। ਆਪ ਦੇ ਸਮੇਂ ਭਾਈ ਸੱਤਾ ਤੇ ਬਲਵੰਡ ਪ੍ਰਸਿਧ ਰਬਾਬੀ ਹੋਏ ਜੋ ਸਵੇਰੇ ਸ਼ਾਮ ਕੀਰਤਨ ਕ੍ਰਿਆ ਕਰਦੇ ਸਨ।

*ਸ੍ਰੀ ਗੁਰ ਅਮਰਦਾਸ ਜੀ:*

ਸ੍ਰੀ ਗੁਰੂ ਅਮਰਦਾਸ ਜੀ ਨੇ 24 ਰਾਗਾਂ ਅਧੀਨ ਬਾਣੀ ਰਚਕੇ ਗੁਰਮਤਿ ਸੰਗੀਤ ਪ੍ਰੰਪਰਾ ਦੇ ਵਿਕਾਸ ਵਿਚ ਮਹਾਨ ਯੋਗਦਾਨ ਪਾਇਆ। ਰਾਗ ਰਾਮਕਲੀ ਅਧੀਨ ਅੰਕਿਤ

'ਅਨੰਦ ਸਾਹਿਬ' ਉਨ੍ਹਾਂ ਦੀ ਪ੍ਰਸਿਧ ਰਚਨਾ ਹੈ। 'ਕਾਨੂੰਨੇ ਮੌਸੀਕੀ' ਦੇ ਲਿਖਾਰੀ ਅਨੁਸਾਰ ਗੁਰੂ ਅਮਰਦਾਸ ਜੀ ਨੇ ਸਾਰੰਦਾ ਨਾਮਕ ਸਾਜ਼ ਦੀ ਈਜ਼ਾਦ ਕੀਤੀ। ਭਾਈ ਸੱਤਾ, ਬਲਵੰਡ, ਭਾਈ ਪਾਂਧਾ, ਬੁਲਾ, ਸਾਦੂ, ਬਾਦੂ ਨਾਮਕ ਆਪ ਦੇ ਸਮੇਂ ਦੇ ਮਸ਼ਹੂਰ ਕੀਰਤਨੀਏ ਹੋਏ ਹਨ।

*ਸ੍ਰੀ ਗੁਰੂ ਰਾਮਦਾਸ ਜੀ:*

ਆਪ ਨੇ 39 ਰਾਗਾਂ ਵਿਚ ਬਾਣੀ ਰਚੀ। ਪੜਤਾਲ ਗਾਇਕੀ ਆਪ ਦੀ ਮੌਲਿਕ ਗਾਇਨ ਸ਼ੈਲੀ ਹੈ। 'ਆਸਾ ਦੀ ਵਾਰ' ਵਿਚ ਗਾਏ ਛੰਦ ਆਪ ਦੀ ਪ੍ਰਸਿੱਧ ਰਚਨਾ ਹਨ।

*ਸ੍ਰੀ ਗੁਰੂ ਅਰਜਨ ਦੇਵ ਜੀ:*

ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਗੁਰਮਤਿ ਸੰਗੀਤ ਪ੍ਰੰਪਰਾ ਨੂੰ ਸਥਾਈ ਰੂਪ ਵਿਚ ਸਥਾਪਿਤ ਕੀਤਾ। ਉਨ੍ਹਾਂ ਆਪ 44 ਰਾਗਾਂ ਵਿਚ ਬਾਣੀ ਰਚੀ। ਗੁਰੂ ਅਰਜਨ ਦੇਵ ਜੀ ਨੇ ਕੀਰਤਨ ਕਰਨ ਦੀ ਪ੍ਰੰਪਰਾ ਨੂੰ ਆਮ ਸਿੱਖਾਂ ਵਿਚ ਪਰਚਾਰਿਆ। ਇਸ ਨਾਲ ਸਿੱਖਾਂ ਵਿਚ ਵਿਚ ਗੁਰਮਤਿ ਸੰਗੀਤ ਦਾ ਪ੍ਰਚਾਰ ਹੋਰ ਵਧਿਆ। ਆਪ ਦੇ ਸਮੇਂ ਵਿਚ ਭਾਈ ਝਾਂਝ, ਭਾਈ ਮੁਕੰਦ, ਭਾਈ ਕੇਦਾਰ, ਸੱਤਾ ਤੇ ਬਲਵੰਡ ਪ੍ਰਸਿਧ ਕੀਰਤਨੀਏ ਸਨ।

*ਸ੍ਰੀ ਗੁਰੂ ਹਰਿਗੋਬਿੰਦ ਜੀ*

ਸ੍ਰੀ ਗੁਰੂ ਹਰ ਗੋਬਿੰਦ ਜੀ ਦਾ ਸਮੁੱਚਾ ਜੀਵਨ ਜੰਗਾਂ ਯੁੱਧਾਂ ਵਿਚ ਹੀ ਬੀਤਿਆ। ਆਪ ਨੇ ਕੋਈ ਬਾਣੀ ਨਹੀਂ ਰਚੀ ਪਰ ਗੁਰਮਤਿ ਸੰਗੀਤ ਦੀ ਵਾਰ ਗਾਇਨ ਸ਼ੈਲੀ ਦੇ ਪ੍ਰਚਾਰ ਵਿਚ ਮਹਾਨ ਯੋਗਦਾਨ ਪਾਇਆ। ਆਪ ਦੇ ਦਰਬਾਰ ਵਿਚ ਭਾਈ ਨੱਥਾ ਤੇ ਅਬਦੁੱਲਾ ਮਸ਼ਹੂਰ ਢਾਡੀ ਸਨ। ਇਸ ਤੋਂ ਬਿਨਾਂ ਕੀਰਤਨ ਪ੍ਰੰਪਰਾ ਵੀ ਲਾਜ਼ਮੀ ਰੂਪ ਵਿਚ ਕਾਰਜਸ਼ੀਲ ਸੀ। ਬਾਬਾ ਦੀਪ ਸਿੰਘ ਤੇ ਭਾਈ ਬਾਬਕ ਇਸ ਸਮੇਂ ਦੇ ਪ੍ਰਸਿੱਧ ਕੀਰਤਨੀਏ ਸਨ।

*ਸ੍ਰੀ ਗੁਰੂ ਤੇਗ ਬਹਾਦਰ ਜੀ*

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 17 ਰਾਗਾਂ ਵਿਚ ਬਾਣੀ ਉਚਾਰੀ। ਰਾਗ ਅਤੇ ਤਾਲ ਦੇ ਪੱਖੋਂ ਆਪ ਦੀ ਬਾਣੀ ਦਾ ਵਿਸ਼ੇਸ਼ ਮਹੱਤਵ ਹੈ।

ਗੁਰਮਤਿ ਸੰਗੀਤ ਪ੍ਰੰਪਰਾ ਦਾ ਕਾਰਜ ਖੇਤਰ ਕਾਫੀ ਵਿਸ਼ਾਲ ਸੀ। ਇਸ ਵਿਚ ਜਿਥੇ ਕਾਵਿ ਬੱਧ ਬਾਣੀ ਦੀ ਰਚਨਾ ਕੀਤੀ ਗਈ। ਉਥੇ ਇਸ ਦੇ ਪ੍ਰਚਾਰ ਤੇ ਅਭਿਆਸ ਲਈ ਵਿਸ਼ੇਸ਼ ਯਤਨ ਕੀਤੇ ਗਏ।

*ਕੀਰਤਨ ਪ੍ਰੰਪਰਾ:*

ਕੀਰਤਨ ਕਰਨ ਦੀ ਪ੍ਰਥਾ ਗੁਰਮਤਿ ਸੰਗੀਤ ਪ੍ਰੰਪਰਾ ਦਾ ਪ੍ਰਚਾਰ ਤੇ ਅਭਿਆਸ ਦਾ ਮੁੱਖ ਮਾਧਿਅਮ ਸੀ। ਆਮ ਕਰਕੇ ਚਾਰ ਸਿੱਖ ਵਿਅਕਤੀ ਮਿਲ ਕੇ ਕੀਰਤਨ ਕਰਿਆ ਕਰਦੇ ਸਨ। ਇਸ ਪ੍ਰੰਪਰਾ ਵਿਚ ਚਾਰ ਚੌਕੀਆਂ ਪ੍ਰਚੱਲਿਤ ਸਨ:

1. ਆਸਾ ਦੀ ਵਾਰ ਦੀ ਚੌਕੀ
2. ਬਿਲਾਵਲ ਦੀ ਚੌਕੀ
3. ਸੋਦਰ ਦੀ ਚੌਕੀ
4. ਆਰਤੀ ਦੀ ਚੌਕੀ

ਇਨ੍ਹਾਂ ਚੌਕੀਆਂ ਵਿਚ ਵਖ ਵਖ ਸਮੇਂ ਉਤੇ ਸਬੰਧਤ ਰਾਗਾਂ ਵਿਚ ਕੀਰਤਨ ਕੀਤਾ ਜਾਂਦਾ ਸੀ।

ਕੀਰਤਨ ਕੇਂਦਰ: ਗੁਰਮਤਿ ਸੰਗੀਤ ਪ੍ਰੰਪਰਾ ਵਿਚ ਹੇਠ ਲਿਖੇ ਕੀਰਤਨ ਕੇਂਦਰ ਪ੍ਰਸਿਧ ਹੋਏ:

1. ਕਰਤਾਰ ਪੁਰ, 2. ਖਡੂਰ ਸਾਹਿਬ, 3. ਗੋਇੰਦਵਾਲ, 4. ਅੰਮ੍ਰਿਤਸਰ, 5. ਕੀਰਤਪੁਰ, 6. ਅਨੰਦਪੁਰ। ਸਿੱਖਾਂ ਨੂੰ ਇਨ੍ਹਾਂ ਕੀਰਤਨ ਕੇਂਦਰਾਂ ਤੋਂ ਬਿਨਾਂ ਹਰ ਘਰ ਅਤੇ ਹਰ ਗੁਰਦੁਆਰੇ ਵਿਚ ਰੋਜ਼ਾਨਾਂ ਕੀਰਤਨ ਕਰਨ ਦਾ ਆਦੇਸ਼ ਸੀ। ਜਿਸ ਦੀ ਪਾਲਣਾ ਅੱਜ ਵੀ ਕੀਤੀ ਜਾਂਦੀ ਹੈ। ਭਾਈ ਗੁਰਦਾਸ ਜੀ ਵੀ ਇਸ ਤੱਥ ਦੀ ਪੁਸ਼ਟੀ ਕਰਦੇ ਹਨ:

*ਘਰਿ ਘਰਿ ਅੰਦਰਿ ਧਰਮਸ਼ਾਲ*
*ਹੋਵੈ ਕੀਰਤਨ ਸਦਾ ਵਸੋਆ॥*

*ਸੰਗੀਤ ਸਾਜ਼:*

ਗੁਰਮਤਿ ਸੰਗੀਤ ਪ੍ਰੰਪਰਾ ਦੀ ਕੀਰਤਨ ਪ੍ਰੰਪਰਾ ਵਿਚ ਵਿਸ਼ੇਸ਼ ਸਾਜ਼ਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਇਸ ਸਾਜ਼ ਕੇਵਲ ਰਾਗ ਦੇ ਸਮੁੱਚੇ ਰੂਪ ਨੂੰ ਨਿਖਾਰਨ ਅਤੇ ਸੰਗੀਤਕ ਮਾਹੌਲ ਪੈਦਾ ਕਰਨ ਵਿਚ ਸਹਾਇਕ ਤੌਰ 'ਤੇ ਵਰਤੇ ਜਾਂਦੇ ਸਨ। ਕੀਰਤਨ ਵਿਚ ਇਨ੍ਹਾਂ ਸਾਜ਼ਾਂ ਦੀ ਸੁਤੰਤਰ ਹੋਂਦ ਨਹੀਂ ਸੀ। ਇਨ੍ਹਾਂ ਸਾਜ਼ਾਂ ਵਿਚ ਸਾਰੇ ਤੰਤੀ ਸਾਜ਼ ਹੀ ਸਨ, ਜਿਵੇਂ ਰਬਾਬ, ਤਾਊਸ, ਸਾਰੰਦਾ, ਦਿਲਰੁਬਾ, ਆਦਿ। ਤਾਲ ਦੇਣ ਲਈ ਮਿਰਦੰਗ, ਤਬਲੇ ਅਤੇ ਢੋਲਕੀ ਦੀ ਵਰਤੋਂ ਕੀਤੀ ਜਾਂਦੀ ਸੀ।

ਤੰਤੀ ਸਾਜ਼ ਰਾਗ ਦਾ ਸ਼ੁਧ ਸਰੂਪ ਸਥਾਪਤ ਕਰਨ ਲਈ ਸੰਪੂਰਨ ਮੰਨੇ ਗਏ ਹਨ ਪਰ ਅੱਜ ਕਲ੍ਹ ਕੀਰਤਨ ਵਿਚ ਹਰਮੋਨੀਅਮ ਵਰਗੇ ਅਧੁਨਿਕ ਸਾਜ਼ ਦੀ ਵਰਤੋਂ ਹੋਣ ਲੱਗ ਪਈ ਹੈ। ਜਿਸ ਨਾਲ ਪ੍ਰੰਪਰਾਗਤ ਕੀਰਤਨ ਵਿਚ ਵਰਤੇ ਜਾਂਦੇ ਤੰਤੀ ਸਾਜ਼ ਅਲੋਪ ਹੋ ਗਏ ਹਨ। ਇਸ ਪ੍ਰਥਾ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ।

*ਸੰਗੀਤਕ ਸ਼ਬਦਾਵਲੀ:*

ਗੁਰਮਤਿ ਸੰਗੀਤ ਪੱਧਤੀ ਦੇ ਅਧਾਰ ਗ੍ਰੰਥ, ਸ੍ਰੀ ਗੁਰੂ

ਗ੍ਰੰਥ ਸਾਹਿਬ ਵਿਚ ਬਾਣੀ ਨੂੰ ਰਾਗ ਬੱਧ ਕਰਕੇ ਇਕ ਸੰਗੀਤ ਪ੍ਰਬੰਧ ਹੀ ਸਥਾਪਿਤ ਨਹੀਂ ਕੀਤਾ ਸਗੋਂ ਇਸ ਵਿਚ ਸੰਗੀਤ ਸ਼ਾਸਤਰ ਦੇ ਅਨੇਕ ਤਕਨੀਕੀ ਸ਼ਬਦਾਂ ਦਾ ਪ੍ਰਯੋਗ ਵੀ ਪੂਰਨ ਸੰਗੀਤਕ ਸੂਝ ਅਨੁਸਾਰ ਸਹੀ ਸਪਸ਼ਟ ਅਤੇ ਢੁਕਵੇਂ ਰੂਪ ਵਿਚ ਕੀਤਾ ਗਿਆ ਹੈ। ਇਸ ਸੰਗੀਤਕ ਤਕਨੀਕੀ ਸ਼ਬਦਾਵਲੀ ਦੇ ਇਸ ਪ੍ਰਯੋਗ ਤੋਂ ਗੁਰੂ ਸਾਹਿਬਾਨ ਅਤੇ ਗੁਰਮਤਿ ਸੰਗੀਤ ਪ੍ਰੰਪਰਾ ਦੀ ਵਿਲੱਖਣਤਾ ਅਤੇ ਮਹਾਨਤਾ ਦਾ ਇਕ ਹੋਰ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ, ਜਿਹੜਾ ਗੁਰਮਤਿ ਸੰਗੀਤ ਦੇ ਇਕ ਪੱਧਤੀ ਵਜੋਂ ਨਿਰਮਾਣ ਲਈ ਅਹਿਮ ਨੁਕਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਸੰਗੀਤ ਸ਼ਬਦਾਂ 'ਚੋਂ ਕੁਝ ਇਸ ਪ੍ਰਕਾਰ ਹਨ:

ਧੁਨੀ, ਧੁਨਿਕਾਰ, ਨਾਦ, ਅਨਹਦ, ਅਨਹਤ ਨਾਦ, ਨਾਦ, ਸੁਰ, ਪੰਜ ਵਿਕਰਤ ਸੁਰ, ਥਾਟ, ਰਾਗ, ਰਾਗਿਨੀ, ਆਲਾਪ, ਤਾਨ, ਗਾਇਕੀ, ਗਾਵਨੀ, ਗੀਤ, ਧੁਨੀ, ਰਬਾਬ, ਰਬਾਬੀ, ਪਖਾਵਜ, ਮਜੀਰੇ, ਢੋਲ, ਢੋਲਕ, ਭੇਰੀ, ਸਿੰਗੀ, ਕਿੰਗੁਰੀ, ਤਾਲ, ਬੇਤਾਲਾ ਆਦਿ।

ਉਪਰੋਕਤ ਸਾਰੀ ਵਿਚਾਰ ਚਰਚਾ ਦਾ ਸਾਰ ਅੰਸ਼ ਇਹ ਹੈ ਕਿ:

1. ਗੁਰਮਤਿ ਸੰਗੀਤ ਨੇ ਭਾਰਤੀ ਸੰਗੀਤ ਦਾ ਮੁੱਖ ਉਦੇਸ਼ 'ਮੋਕਸ਼' ਪ੍ਰਾਪਤੀ ਨੂੰ ਕਾਇਮ ਰੱਖਿਆ ਹੈ।

2. ਇਹ ਪਹਿਲਾ ਧਾਰਮਿਕ ਗ੍ਰੰਥ ਹੈ ਜਿਸ ਵਿਚ ਰਾਗਾਂ ਅਧੀਨ 'ਏਨੀ ਵੱਡੀ ਗਿਣਤੀ ਵਿਚ ਬਾਣੀ ਦਰਜ ਹੈ'

3. ਗੁਰਮਤਿ ਸੰਗੀਤ ਦੇ ਅਨੇਕ ਮੌਲਿਕ ਰਾਗ ਹਨ, ਜਿਨ੍ਹਾਂ ਵਿਚੋਂ ਕਈ ਲੋਕ ਧੁਨਾਂ ਤੋਂ ਅਤੇ ਕਈ ਸੁਤੰਤਰ ਰੂਪ ਵਿਚ ਵਿਕਸਿਤ ਕੀਤੇ ਗਏ ਹਨ।

4. ਇਸ ਪ੍ਰੰਪਰਾ ਵਿਚ ਗਾਇਨ ਹਿਤ ਰਹਾਓ, ਅੰਕ ਘਰੁ ਵਰਗੇ ਸੰਕੇਤਕ ਸ਼ਬਦ ਅਤੇ ਆਪਣਾ ਨਿੱਜੀ ਸੰਗੀਤ ਵਿਧਾਨ ਹੈ।

5. ਇਸ ਸੰਗੀਤ ਪ੍ਰੰਪਰਾ ਦੀਆਂ ਗਾਇਨ ਸ਼ੈਲੀਆਂ ਵਿਚ ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਦਾ ਸੁਮੇਲ ਹੈ।

6. ਸਿੱਖ ਸੰਗਤ ਦਾ ਇਕ ਉਦੇਸ਼ ਦੱਖਣੀ ਭਾਰਤੀ ਸੰਗੀਤ ਅਤੇ ਉੱਤਰੀ ਭਾਰਤੀ ਸੰਗੀਤ ਵਿਚ ਏਕਤਾ ਪੈਦਾ ਕਰਨਾ ਵੀ ਹੈ।

7. ਇਸ ਸੰਗੀਤ ਪ੍ਰੰਪਰਾ ਦੇ ਸਮੂਹ ਗੁਰੂਆਂ ਨੇ ਆਪੋ ਆਪਣਾ ਸਮੁੱਚਾ ਜੀਵਨ ਬਾਣੀ ਦੇ ਪ੍ਰਚਾਰ ਲਈ ਲਾਇਆ ਜਿਸ ਨਾਲ ਇਹ ਸੰਗੀਤ ਪ੍ਰੰਪਰਾ ਨਿਰੰਤਰ ਵਿਕਾਸ਼ਸ਼ੀਲ ਰਹੀ।

8. ਸਮੂਹ ਗੁਰੂ ਉਚਕੋਟੀ ਦੇ ਸੰਗੀਤ ਵਿਦਵਾਨ ਗਾਇਕ ਅਤੇ ਕਵੀ ਸਨ।

9. ਗੁਰਮਤਿ ਸੰਗੀਤ ਦੇ ਪ੍ਰਚਾਰ ਲਈ 'ਕੀਰਤਨ ਪ੍ਰੰਪਰਾ' ਅਤੇ ਕੀਰਤਨ ਕੇਂਦਰਾਂ ਦੀ ਸਥਾਪਨਾ ਕੀਤੀ ਗਈ।

10. ਸਰਬ ਸਾਧਾਰਣ ਲੋਕਾਂ ਵਿਚ ਸਮਾਨ ਰੂਪ ਵਿਚ ਪ੍ਰਚਾਰੀ ਜਾਣ ਵਾਲੀ ਇਹ ਪਹਿਲੀ ਸੰਗੀਤ ਪ੍ਰੰਪਰਾ ਹੈ।

ਗੁਰਮਤਿ ਸੰਗੀਤ ਦੀਆਂ ਉਪਰੋਕਤ ਬੁਨਿਆਦੀ ਵਿਸ਼ੇਸ਼ਤਾਵਾਂ, ਕਾਰਜ ਖੇਤਰ ਅਤੇ ਕਾਰਜ ਵਿਧੀ ਤੋਂ ਇਸ ਮਹਾਨ ਸੰਗੀਤ ਪ੍ਰੰਪਰਾ ਦੇ ਸਮੁੱਚੇ ਅਨੂਠੇ, ਵਿਲੱਖਣ ਅਤੇ ਸੁਸੰਗਠਿਤ ਸਰੂਪ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ ਪਰ ਬਹੁਤ ਦੁੱਖ ਦੀ ਗੱਲ ਹੈ ਕਿ ਭਾਰਤੀ ਸੰਗੀਤ ਦੇ ਸੰਦਰਭ ਵਿਚ ਇਸ ਦਾ ਸੁਤੰਤਰ ਅਧਿਐਨ ਪਹਿਲਾਂ ਹੋਇਆ ਹੀ ਨਹੀਂ। ਅਸੀਂ ਇਸ ਮਹਾਨ ਵਿਰਸੇ ਨੂੰ ਭੁਲਾ ਕੇ ਵਿਸਾਰ ਰਹੇ ਹਨ। ਵਿਸ਼ਵ ਦੇ ਸੰਗੀਤਚਾਰੀਆ, ਸਿੱਖ ਕੀਰਤਨਕਾਰਾਂ, ਵਿਦਵਾਨਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਵਿਸ਼ਾਲ ਸੰਸਥਾਵਾਂ ਨੂੰ ਇਸ ਪੱਧਤੀ ਦੀ ਸੰਭਾਲ ਅਤੇ ਵਿਕਾਸ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ, ਤਾਂ ਜੋ ਅਸੀਂ ਅਪਣੇ ਭੁੱਲੇ ਵਿਰਸੇ ਨਾਲ ਮੁੜ ਤੋਂ ਜੁੜ ਸਕੀਏ ਅਤੇ ਇਸਦੀ ਵਿਸ਼ਾਲਤਾ ਦੁਆਰਾ ਵਿਸ਼ਵ ਸੰਗੀਤ ਨੂੰ ਨਵੀਨ ਸੇਧ ਪ੍ਰਦਾਨ ਕਰ ਸਕੀਏ।

*ਪੁਸਤਕ 'ਸੰਗੀਤ ਨਿਬੰਧ' 'ਚੋਂ ਧੰਨਵਾਦ ਸਹਿਤ*

# ਅਨਹਦ ਨਾਦ-ਪੰਚ ਸ਼ਬਦ ਧੁਨਕਾਰ

ਕਰਤਾਰ ਸਿੰਘ ਨੀਲਧਾਰੀ

ਸ਼੍ਰਿਸ਼ਟੀ ਆਪਣੇ ਆਪ ਵਿਚ ਇਕ ਸੰਗੀਤ ਦਰਬਾਰ ਹੈ ਇਸ ਦੇ ਸੰਗੀਤ ਦਾ ਅਨੰਦ ਲੈਣ ਲਈ ਦ੍ਰਿਸ਼ਮਾਨ ਮਾਇਆਚਕਰ ਅਤੇ ਸਰੀਰ ਇੰਦਰੀਆਂ ਦੀਆਂ ਵਾਸ਼ਨਾਵਾਂ ਤੋਂ ਉਪਰਾਮ ਹੋਣ ਦੀ ਲੋੜ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਅੰਮ੍ਰਿਤ ਬਾਣੀ 'ਅਨੰਦ' ਵਿਚ ਗੁਰਸਿੱਖ ਨੂੰ ਅੰਤਰ ਆਤਮੇ ਵਿਚ ਪ੍ਰਾਪਤ ਹੋਣ ਵਾਲੇ ਸੰਗੀਤ ਦਰਬਾਰ ਨਾਲ ਪਰਿਚਿਤ ਕਰਾਇਆ ਹੈ: ***ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ*** ਇਸ ਅਨੰਦ ਦੀ ਅੰਤਿਮ ਮੰਜ਼ਿਲ ਵਿਚ ਅਨਹਦ ਨਾਦ ਦੀਆਂ ਗੂੰਜਾਂ ਨਾਲ ਪਰਿਚਿਤ ਕਰਾਇਆ ਗਿਆ ਹੈ: ***ਬਿਨਵੰਤ ਨਾਨਕ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ*** ਪਰ ਇਸ ਮੰਜ਼ਿਲ ਨੂੰ ਪ੍ਰਾਪਤ ਕਰਨ ਲਈ ਸਾਧਕ ਨੂੰ ਕਠੋਰ ਨਾਮ (ਸੁਰ) ਅਭਿਆਸ ਤੇ ਸੰਜਮੀ ਜੀਵਨ (ਤਾਲ) ਵਿਚੋਂ ਤਪਨਾ ਪੈਂਦਾ ਹੈ ਤੇ ਗੁਰੂ ਜੀ ਭੁਲੇਖਾ ਨਹੀਂ ਰੱਖਦੇ:

***ਖਨਿਆਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ***
***ਗੁਰਪਰਸਾਦੀ ਜਿਨੀ ਆਪੁ ਤਜਿਆ ਵਾਸਨਾ ਸਮਾਣੀ***

ਮਨੁੱਖ ਸ਼੍ਰਿਸ਼ਟੀ ਰਚਨਾਕਾਰ ਦੀ ਸਰਬੋਤਮ ਕਿਰਤ ਹੈ ਜਿਸਨੂੰ ਗੁਰੂ ਤੋਂ ਗਿਆਨ ਪ੍ਰਾਪਤ ਕਰਕੇ ਪ੍ਰਮਾਤਮਾ ਨਾਲ ਸਾਂਝ ਸੰਪਰਕ ਦਾ ਪੂਰਾ ਹੱਕ ਪ੍ਰਾਪਤ ਹੈ। ਮਨੁੱਖੀ ਸਰੀਰ ਦੇ ਨੌਂ ਦਰਵਾਜੇ: ਦੋ ਅੱਖਾਂ, ਦੋ ਕੰਨ, ਦੋ ਨਾਸਿਕਾਵਾਂ, ਇਕ ਮੂੰਹ, ਗੁਦਾ ਦਵਾਰ ਤੇ ਮੂਤਰ ਦਵਾਰ ਰੱਖੇ ਗਏ ਹਨ, ਪਰ ਦੱਸਵਾਂ ਦਰਵਾਜਾ ਗੁਪਤ ਹੈ। ਇਸ ਦੇਹੀ ਅੰਦਰ ਪਵਨ ਵਾਜਾ ਵਜਾ ਰਹੀ ਹੈ ਤੇ ਇਕ ਸੰਗੀਤ ਨਿਰੰਤਰ ਪ੍ਰਾਣ ਸੁਰਾਂ ਵਿਚ ਪ੍ਰਵਾਹਿਤ ਹੋ ਰਿਹਾ ਹੈ:

***ਹਰਿ ਜੀਉ ਗੁਫਾ ਅੰਦਰਿ ਰਖਿਕੈ***
***ਵਾਜਾ ਪਵਣ ਵਜਾਇਆ***
***ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ***
***ਦਸਵਾ ਗੁਪਤੁ ਰਖਾਇਆ***

ਦਸਮ ਦੁਆਰ ਦੀ ਯਾਤਰਾ ਤ੍ਰਿਕੁਟੀ ਖੁੱਲ੍ਹਣ ਤੋਂ ਬਾਅਦ ਹੁੰਦੀ ਹੈ। ਜੇਕਰ ਸਰੀਰ ਤਕ ਸੀਮਤ ਹੋ ਕੇ ਸੋਚਿਆ ਜਾਵੇ ਤਾਂ ਦਸਵਾਂ ਦੁਆਰ ਨਾਭੀ ਹੈ। ਨਾਭੀ ਉਸ ਬਿੰਦੂ ਦਾ ਵਿਸਥਾਰ ਹੈ ਜੋ ਜਲ+ਰਕਤ ਬਿੰਦੂ ਤੇ ਸੰਜੋਗ ਨਾਲ ਪ੍ਰਾਣ ਧਾਰਣ ਕਰਕੇ ਅਣੂ ਅੰਡੇ ਤੋਂ ਭਰੂਣ ਤੇ ਸ਼ਿਸ਼ੂ ਬਣਦਾ ਹੈ। ਨਾਭੀ ਰਾਹੀਂ ਬੱਚਾ ਗਰਭ ਵਿਚ ਮਾਂ ਦੇ ਸਰੀਰ ਤੋਂ ਭੋਜਨ ਪ੍ਰਾਪਤ ਕਰਦਾ ਹੈ। ਪ੍ਰਾਣਾਂਤ ਸਮੇਂ ਨਾਭੀ ਤੋਂ ਗੰਢ ਖੁੱਲ੍ਹਦੀ ਹੈ। ਸਰੀਰ ਦੇ ਸੰਗੀਤ ਦਾ ਸੰਗੀਤਕਾਰ ਹਿਰਦਾ ਹੈ ਜਿਥੇ ਅਨਹਦ ਨਾਦ ਜੀਵਨ ਭਰ ਚੱਲਦਾ ਹੀ ਹੈ। ਸਰੀਰ ਦੇ ਨਾੜੀ ਤੰਤਰ ਦੇ ਬੇਤਾਲਾ ਹੋਣ ਨਾਲ ਇਸ ਸਾਜ ਦੇ ਸੁਰ ਵੀ ਗੜਬੜਾ ਜਾਂਦੇ ਹਨ। ਜਿਨ੍ਹਾਂ ਵਿਚ ਅਨਹਦ ਨਾਦ ਜੀਵਨ ਦੀਆਂ ਧੰਮਨੀਆਂ ਵੱਲ ਪ੍ਰੇਰਦਾ ਹੈ। ਜਦੋਂ ਸਰੀਰ ਦੇ ਸਾਜ ਢਿੱਲੇ ਮੱਠੇ ਹੋ ਜਾਂਦੇ ਹਨ ਤੇ ਇਸਦੇ ਸੰਗੀਤ ਦੀ ਗੂੰਜ ਅਸਥਾਈ ਲੱਗਦੀ ਹੈ।

ਭਗਤੀ ਯੋਗ ਦਾ ਅਰਥ ਹੈ ਆਤਮਾ ਪ੍ਰਮਾਤਮਾ ਦਾ ਮੇਲ ਤੇ ਇਸ ਮੇਲ ਲਈ ਚਿਤ ਬਿਰਤੀ ਨੂੰ ਸਰੀਰ ਤੋਂ ਬਾਹਰ ਨਿਕਲਕੇ ਅਦ੍ਰਿਸ਼ ਮੰਡਲ ਵਿਚ ਪ੍ਰਵੇਸ਼ ਕਰਨਾ ਪੈਂਦਾ ਹੈ। ਪਰ ਇਸ ਪ੍ਰਯਤਨ ਵਿਚ ਸਰੀਰ ਦਾ ਸੁਅਰਥ ਹੋਣਾ ਅਤੇ ਹਿਰਦੇ ਦੇ ਅਨਹਦ ਨਾਦ ਦਾ ਸਹਿਜ ਹੋਣਾ ਜ਼ਰੂਰੀ ਹੈ। ਸਰੀਰ ਦਾ ਸੰਚਾਲਣ ਪ੍ਰਾਣਾਵਾਯੂ ਦਸ ਰੂਪਾਂ ਵਿਚ ਕਰ ਰਹੀ ਹੈ। ਜਿਨ੍ਹਾਂ ਵਿਚੋਂ ਪੰਜ ਰੂਪ ਪ੍ਰਸਿਧ ਹਨ-ਪਾਨ, ਅਪਾਨ, ਉਦਿਆਨ, ਬਿਆਨ ਅਤੇ ਸਮਾਨ। ਇਸ੍ਹ ਪਵਨ ਨੂੰ ਗੁਰਬਾਣੀ ਵਿਚ ਸਰੀਰ ਦਾ ਮੁਖੀਆ, ਸੰਚਾਲਕ ਜਾਂ ਗੁਰੂ ਕਿਹਾ ਹੈ; ***ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ*** ਨਾਦ ਯੋਗੀ ਇਸ ਪਵਨ ਦੀ ਸੰਚਾਲਨ ਧੁਨੀ ਨੂੰ ਸੁਣਨ ਦਾ ਪ੍ਰਯਤਨ ਤੇ ਅਭਿਆਸ ਕਰਦੇ ਹਨ। ਇਸ ਨਾਦ ਯੋਗ ਦਾ ਅਭਿਆਸ ਇਸ ਤਰ੍ਹਾਂ ਸ਼ੁਰੂ ਕੀਤਾ ਜਾਂਦਾ ਹੈ ਤੇ ਗੁਰਸਿੱਖ ਸਵਾਸਾਂ ਨਾਲ ਸਿਮਰਨ ਪਿਰੋ ਕੇ ਗੁਰੂ ਪ੍ਰਸਾਦ ਨੂੰ ਫਲੀਭੂਤ ਕਰ ਲੈਂਦਾ ਹੈ।

ਨਾਦ ਯੋਗ ਨੂੰ ਪ੍ਰਾਪਤ ਕਰਨ ਲਈ ਪਹਿਲਾਂ ਪ੍ਰਾਣਾਯਾਮ ਦਾ ਸਰਲ ਅਭਿਆਸ ਕਰਨਾ ਜ਼ਰੂਰੀ ਹੈ। ਇਸ ਅਭਿਆਸ ਵਿਚ

(1) ਸਭ ਤੋਂ ਪਹਿਲਾਂ 18 ਸੁਆਸ ਮੂੰਹ ਅੰਦਰ ਖਿੱਚ ਕੇ ਮੂੰਹ ਰਾਹੀਂ ਛੱਡਣੇ ਚਾਹੀਦੇ ਹਨ। ਜੇਕਰ ਮੂੰਹ ਨੂੰ ਚੁੰਚ ਵਾਂਗ ਗੋਲ ਕਰਕੇ ਸੁਆਸ ਅਭਿਆਸ ਕੀਤਾ ਜਾਵੇ ਤਾਂ ਮਸਤਕੇ ਰੋਗ ਤੇ ਹਾਈ ਬਲੱਡ ਪ੍ਰੈਸ਼ਰ ਠੀਕ ਹੁੰਦਾ ਹੈ।

(2) 18 ਸਵਾਸ ਮੂੰਹ ਨਾਲ ਲੈ ਕੇ ਨਾਸਾਂ ਰਾਹੀਂ ਹੌਲੀ ਹੌਲੀ ਛੱਡਣੇ।

(3) 18 ਸਵਾਸ ਨਾਸਾਂ ਨਾਲ ਅੰਦਰ ਲੈ ਕੇ ਨਾਸਾਂ ਰਾਹੀਂ ਬਾਹਰ ਛੱਡਣੇ। ਯਾਦ ਰਹੇ ਪ੍ਰਾਣਾਯਾਮ ਲਈ ਸਥਿਰ ਬੈਠਣ ਸਮੇਂ ਕਮਰ ਸਿੱਧੀ ਹੋਣੀ ਚਾਹੀਦੀ ਹੈ ਅਤੇ ਸੁਆਸ ਨਾਭੀ ਤੋਂ ਹੌਲੀ ਹੌਲੀ ਖਿੱਚ ਕੇ ਹੌਲੀ ਹੌਲੀ ਛੱਡਣੇ ਚਾਹੀਦੇ

ਹਨ। ਇਸ ਤਰ੍ਹਾਂ ਨਾਭੀ ਤੋਂ ਲਏ ਗਏ ਸੁਆਸ ਸਰੀਰ ਦੇ ਸਾਰੇ ਨਾੜੀ ਤੰਤਰ ਨੂੰ ਸਾਫ ਤੇ ਨਰੋਇਆ ਕਰਦੇ ਹਨ। ਨਾਭੀ ਨੂੰ ਸੂਰਜ ਦਾ ਸਥਾਨ (ਪ੍ਰਾਨ ਬਿੰਦੂ) ਕਿਹਾ ਗਿਆ ਹੈ। ਇਸ ਤਰ੍ਹਾਂ ਸੁਆਸਾਂ ਦਾ ਅਭਿਆਸ ਹੋ ਜਾਣ ਤੋਂ ਬਾਅਦ ਮਾਨਸਿਕ ਸ਼ਾਂਤੀ ਤੇ ਤਨ ਦੀ ਸੁਆਸਥਾ ਪ੍ਰਾਪਤ ਹੁੰਦੀ ਹੈ।

(4) ਸੱਜੀ ਨਾਸ ਬੰਦ ਕਰਕੇ 18 ਵਾਰੀ ਸਵਾਸ ਨਿਸਵਾਸ ਲਵੋ।

(5) ਖੱਬੀ ਨਾਸ ਤੋਂ ਸਵਾਸ ਲੈ ਕੇ 18 ਵਾਰੀ ਸੱਜੀ ਨਾਸ ਤੋਂ ਨਿਸਵਾਸ ਕਰੋ।

(6) ਖੱਬੀ ਨਾਸ ਬੰਦ ਕਰਕੇ 18 ਵਾਰੀ ਸਵਾਸ ਨਿਸਵਾਸ ਲਵੋ।

(7) ਸੱਜੀ ਨਾਸ ਤੋਂ ਸੁਆਸ ਲੈ ਕੇ 18 ਵਾਰੀ ਖੱਬੀ ਨਾਸ ਤੋਂ ਨਿਸਵਾਸ ਕਰੋ।

(8) ਫੇਰ ਖੱਬੀ ਨਾਸ ਤੋਂ ਸੁਆਸ ਲੈ ਕੇ ਸੱਜੀ ਨਾਸ ਤੋਂ ਨਿਸਵਾਸ ਕਰੋ, ਦੂਜੀ ਵਾਰ ਸੱਜੀ ਤੋਂ ਲੈ ਖੱਬੀ ਤੋਂ ਨਿਸਵਾਸ ਕਰੋ। ਇਸ ਨੂੰ ਲੋਮ ਵਿਲੋਮ ਕਹਿੰਦੇ ਹਨ ਤੇ ਕੁੱਲ 18 ਵਾਰੀ ਕੀਤਾ ਜਾਵੇ। ਸਿਮਰਨ ਬੱਧੇ ਸੁਆਸ ਸਰਬ ਰੋਗ ਦਾ ਨਾਸ ਕਰਦੇ ਹਨ।

ਸ਼ੁਰੂ ਵਿਚ ਅੰਗੂਠੇ ਨਾਲ ਨਾਸਾਂ ਬੰਦ ਕਰਨੀਆਂ ਪੈਂਦੀਆਂ ਹਨ ਮਗਰੋਂ ਇਹ ਅਭਿਆਸ ਪੱਕਾ ਹੋ ਜਾਵੇ ਤਾਂ ਮਨ ਮਰਜੀ ਨਾਲ ਸੁਆਸ ਪ੍ਰਵਾਹ ਚਲਾਇਆ ਜਾ ਸਕਦਾ ਹੈ। ਇਸ ਅਭਿਆਸ ਤੋਂ ਬਾਅਦ ਸੱਜੀ ਨਾਸ ਤੋਂ ਸੁਆਸ ਲੈ ਕੇ ਚਾਰ ਗੁਣਾਂ ਜਾਂ ਦੋ ਗੁਣਾਂ ਸਮਾਂ ਅੰਦਰ ਰੋਕ ਕੇ ਸੁਆਸ ਲੈਣ ਦੇ ਸਮੇਂ ਅਨੁਸਾਰ ਨਿਸਵਾਸ ਕੀਤਾ ਜਾਵੇ। ਅੰਦਰ ਜਾਂਦੇ ਸੁਆਸ ਨੂੰ ਪੂਰਕ, ਰੋਕਣ ਨੂੰ ਕੁੰਭਕ ਤੇ ਨਿਸ਼ਵਾਸ ਨੂੰ ਰੇਚਕ ਕਿਹਾ ਜਾਂਦਾ ਹੈ। ਪ੍ਰਾਣਯਾਮ ਦੇ ਅਜਿਹੇ ਅਭਿਆਸ ਸਿਹਤ ਵਿਚ ਚਮਤਕਾਰੀ ਸੁਧਾਰ ਹੁੰਦਾ ਹੈ ਤੇ ਮਾਨਸਿਕ ਕਲੇਸ਼ ਘੱਟ ਜਾਂਦੇ ਹਨ। ਸਰੀਰ ਦਾ ਪਵਨ ਤੰਤਰ ਪੂਰੀ ਤਰ੍ਹਾਂ ਕਸਿਆ ਜਾਂਦਾ ਹੈ। ਇਸ ਅਭਿਆਸ ਤੋਂ ਅੰਮ੍ਰਿਤ ਵੇਲੇ ਸੂਰਜ ਉਦੈ ਤੋਂ ਪੌਣੇ ਚਾਰ ਘੰਟੇ ਪਹਿਲਾਂ ਜਾਗ ਕੇ ਪੌਣੇ ਘੰਟੇ ਵਿਚ ਸਰੀਰ ਸ਼ੁੱਧ ਕਰਕੇ ਆਸਣ ਤੇ ਬੈਠ ਕੇ (ਲੱਕ ਸਿੱਧਾ ਰੱਖ ਕੇ) ਨਾਦ ਯੋਗ ਸ਼ੁਰੂ ਹੈ। ਏਕਾਂਤ ਹਨ੍ਹੇਰੇ ਵਿਚ ਚੇਤੰਨ ਬੈਠ ਕੇ ਕੰਨਾਂ ਨੂੰ ਤਰਜਨੀ ਉਂਗਲਾਂ (ਅੰਗੂਠੇ ਦੇ ਨਾਲ ਦੀ) ਨਾਲ ਦੋ ਘੜੀ ਬੰਦ ਕਰਕੇ ਪਵਨ ਗਤੀ ਨੂੰ ਸੁਣਨ ਦਾ ਅਭਿਆਸ ਕਰੋ। ਇਸ ਅਵਸਥਾ ਵਿਚ ਅਗਨੀ ਪ੍ਰੇਰਿਤ ਸ਼ਬਦ ਸੁਣਾਈ ਦੇਵੇਗਾ। ਜਿਹੜਾ ਸਰੀਰ ਵਿਚਲੇ ਅਪਚੇ ਅੰਨ ਨੂੰ ਵੀ ਪਚਾ ਦੇਵੇਗਾ। ਇਕ ਘੜੀ- 24 ਮਿੰਟ ਦੀ ਹੁੰਦੀ ਹੈ ਤੇ ਸਿਮਰਨ ਕਰਨ ਦਾ ਇਸ ਤੋਂ ਵਧੀਆ ਸਮਾਂ ਹੋਰ ਕੋਈ ਨਹੀਂ- ***ਬਿਨੁ ਨਾਵੈ ਜੋਗੁ ਨ ਹੋਈ।***

ਇਸ ਤਰ੍ਹਾਂ ਦੋ ਘੜੀ ਅੰਮ੍ਰਿਤ ਵੇਲੇ ਅਭਿਆਸ ਕਰਨ ਨਾਲ ਕ੍ਰਮ ਵਾਰ ਘੋਸ਼ (ਢੋਲ), ਕਾਂਸਾ (ਮੰਜੀਰ ਛੈਣੇ), ਸਿੰਗੀ, ਘੰਟਾ, ਵੀਣਾ, ਬੰਸਰੀ, ਦੁਦੰਭੀ (ਤੁਰਹੀ), ਸੰਖ ਤੇ ਮੇਘ ਗਰਜਨ ਆਦਿਕ ਦੇ ਸੁਰ ਸੁਣਾਈ ਦਿੰਦੇ ਹਨ। ਯੋਗੀ ਇਨ੍ਹਾਂ ਨੌਵਾਂ ਦੇ ਵੱਖਰੇ ਵੱਖਰੇ ਨਾਦ ਤੋਂ ਤੁੰਕਾਰ(ਧੁਨਕਾਰ) ਲਈ ਅਭਿਆਸ ਜਾਰੀ ਰੱਖਦੇ ਹਨ, ਗੁਰਬਾਣੀ ਅਨੁਸਾਰ

***ਪੰਚ ਸਬਦ ਤਹ ਪੂਰਨ ਨਾਦ***
***ਅਨਹਦ ਬਾਜੇ ਅਚਰਜ ਬਿਸਮਾਦ*** ਪੰਨਾ 888

***ਪੰਚ ਸਬਦ ਧੁਨਿਕਾਰ ਧੁਨਿ***
***ਤਹ ਬਾਜੇ ਸਬਦ ਨਿਸਾਣਾ*** ਪੰਨਾ 1291

***ਪੰਚ ਸਬਦ ਧੁਨਿ ਅਨਹਦ ਵਾਜੇ***
***ਹਮ ਘਰ ਸਾਜਨ ਆਏ*** ਪੰਨਾ 764

***ਵਾਜੇ ਪੰਜ ਸਬਦ ਤਿਤੁ ਘਰਿ ਸੁਭਾਗੈ***
***ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ***
ਪੰਨਾ 917

ਪੰਜ ਸਾਜਾਂ ਦੀ ਮਿਲਵੀਂ ਧੁਨੀ ਅਨਹਦ ਨਾਦ ਬਣ ਕੇ ਪ੍ਰਗਟ ਹੁੰਦੀ ਹੈ। ਜਿਸਦੀ ਉਪਮਾ ਗੁਰਬਾਣੀ ਵਿਚ ਭਰੀ ਹੋਈ ਹੈ।

ਕੀਰਤਨ ਪਰੰਪਰਾ ਵਿਚ ਤੇ ਆਰਤੀ ਵਿਚ ਵਰਤੇ ਜਾਣ ਵਾਲੇ ਪੁਰਾਤਨ ਸਾਜਾਂ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਸਥੂਲ ਰੂਪ ਵਿਚ ਇਨ੍ਹਾਂ ਸਾਜਾਂ ਦੇ ਸੁਰ ਤਾਲ ਨਾਲ ਅੰਮ੍ਰਿਤ ਵੇਲੇ ਅਨਹਦ ਨਾਦ ਦਾ ਸੂਖਮ ਪ੍ਰਭਾਵ ਪੈਦਾ ਕਰਕੇ ਸਰੋਤਾਂ ਨੂੰ ਗੁਰਬਾਣੀ ਗਿਆਨ ਨਾਲ ਜੋੜਿਆ ਜਾਂਦਾ ਹੈ। ਜਦੋਂ ਇਸ ਕੀਰਤਨ ਦੀ ਵਸੋਂ ਹਿਰਦੇ ਵਿਚ ਹੋਣੀ ਸ਼ੁਰੂ ਹੁੰਦੀ ਹੈ ਤਾਂ ਬਾਹਰਲੀ ਮਾਨਸਿਕ ਬਿਰਤੀਆਂ ਦਾ ਸੰਕੋਚ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਅਭਿਆਸ ਤੋਂ ਬਾਹਰ ਨਿਕਲ ਕੇ ਗੁਰੂ ਕਿਰਪਾ ਨਾਲ ਸਿੱਖ ਤ੍ਰਿਕੁਟੀ ਦਾ ਦਰਵਾਜਾ ਕਦੋਂ ਪਾਰ ਕਰ ਲੈਂਦਾ ਹੈ ਉਸਨੂੰ ਆਪ ਨੂੰ ਪਤਾ ਨਹੀਂ ਲੱਗਦਾ।

***ਇੜਾ ਪਿੰਗੁਲਾ ਅਉਰ ਸੁਖਮਨਾ***
***ਤੀਨਿ ਬਸਹਿ ਇਕ ਠਾਈ***
***ਬੇਣੀ ਸੰਗਮੁ ਤਹ ਪਿਰਾਗੁ***
***ਮਨੁ ਮਜਨੁ ਕਰੇ ਤਿਥਾਈ*** ਪੰਨਾ 974

ਅਤੇ ***ਅਨਹਦ ਸ਼ਬਦ ਦਸਮ ਦੁਆਰਿ ਵਜਿਓ***
***ਤਹ ਅੰਮ੍ਰਿਤ ਨਾਮ ਚੁਆਇਅ ਥਾ*** ਪੰਨਾ 1002

ਇਸ ਤਰ੍ਹਾਂ ਕੀਰਤਨ ਦੀ ਧੁਨਕਾਰ ਨਾਲ ਅਨਹਦ ਨਾਦ ਦੀ ਪ੍ਰਾਪਤੀ ਵਿਚ ਹੀ ਸ਼ਬਦ ਗੁਰੂ ਦੀ ਧੁਨੀ ਸੁਣਨ ਵਾਲੀ ਸੁਰਤਿ ਹੀ ਅਸਲ ਸਿੱਖ (ਚੇਲਾ)ਬਣਦੀ ਹੈ।

*162 ਏ, ਗਰੇਨ ਮਾਰਕੀਟ, ਮਧਿਆ ਮਾਰਗ, ਚੰਡੀਗੜ੍ਹ*

# ਨਾਦ ਇਕ ਗੂੰਜਿਆ

ਕਰਮ ਸਿੰਘ ਰਤਨ

ਸ੍ਰਿਸ਼ਟੀ ਦੇ ਆਦਿ ਵਿਚ ਨਾਦ ਇਕ ਗੂੰਜਿਆ ਸੀ
ਓਹੀ ਨਾਦ ਸ਼ਬਦ ਹੋ ਬ੍ਰਹਿਮੰਡ ਵਿਚ ਗੂੰਜਿਆ।
ਨਾਦ ਹੀ ਸ਼ਬਦ ਵਿਚੋਂ ਕਰੋੜਾਂ ਬ੍ਰਹਿਮੰਡ ਬਣੇ
ਸੂਰਜ ਅਤੇ ਚੰਦ, ਗ੍ਰੈਹਾਂ, ਨਛੱਤਰਾਂ 'ਚ ਗੂੰਜਿਆ।
ਏਸੇ ਹੀ ਸ਼ਬਦ ਵਿਚੋਂ ਦਿਨ ਅਤੇ ਰਾਤ ਬਣੇ
ਸਾਲ ਤੇ ਮਹੀਨੇ ਤੇ ਘੰਟਿਆਂ 'ਚ ਗੂੰਜਿਆ।
ਨਾਦ ਹੀ ਅਵਾਜ਼ ਹੈ ਤੇ ਅਵਾਜ਼ ਹੀ ਸ਼ਬਦ ਹੈ
ਸ੍ਰਿਸ਼ਟੀ ਦੇ ਹਰ ਕਤਰੇ 'ਚ ਸ਼ਬਦ ਏਹ ਗੂੰਜਿਆ।
ਜਲਾਂ ਅਤੇ ਥਲਾਂ ਵਿਚ, ਪੁਰੀਆਂ ਤੇ ਬਨਾਂ ਵਿਚ
ਖਾਲੀ ਅਤੇ ਭਰਿਆਂ ਵਿਚ ਹਰ ਥਾਂ 'ਤੇ ਗੂੰਜਿਆ।
ਚੌਰਾਸੀ ਲੱਖ ਜੂਨ ਵਿਚ ਜੜ ਅਤੇ ਚੇਤਨ ਵਿਚ
ਇਹੋ ਹੀ ਸ਼ਬਦ ਸੁਰ ਨਾਦ ਬਣ ਗੂੰਜਿਆ।
ਪਪੀਹੇ ਅਤੇ ਮੋਰਾਂ ਵਿਚ ਕੋਇਲ ਅਤੇ ਬੁਲਬੁਲਾਂ
ਕੀੜੀਆਂ ਤੇ ਹਾਥੀਆਂ 'ਚ ਜੰਗਲਾਂ 'ਚ ਗੂੰਜਿਆ।
ਏਹਨਾਂ ਹੀ ਅਵਾਜ਼ਾਂ ਵਿਚੋਂ ਸੱਤ ਸੁਰਾਂ ਗੂੰਜੀਆਂ ਸੀ
ਕੋਮਲ ਅਤੇ ਤੀਬਰ ਬਣ ਬਾਰਾਂ ਸੁਰੀ ਗੂੰਜਿਆ।
ਨਾਦ ਹੀ ਅਵਾਜ਼ ਹੈ, ਅਵਾਜ਼ ਹੀ ਸ਼ਬਦ ਹੈ
ਸਾ ਰੇ ਗਾ ਮਾ ਪ ਧਾ ਨੀ ਸੱਤ ਸੁਰੀਂ ਗੂੰਜਿਆ।
ਸੱਤ ਸੁਰਾਂ ਵਿਚੋਂ ਫਿਰ ਠਾਠ ਅਤੇ ਰਾਗ ਬਣੇ
ਏਹਨਾਂ ਰਾਗਾਂ ਰਾਹੀਂ ਏਹ ਸੰਗੀਤ ਬਣ ਗੂੰਜਿਆ।
ਫਿਰ ਤਾਲ ਦਾ ਜਨਮ ਹੋਇਆ ਸ਼ਿਵ ਜੀ ਦੇ ਡਮਰੂ ਤੋਂ
ਲੈਅ ਬਣ ਕੇ ਤੇ ਜੋ ਸੀ ਧਰਤੀ ਤੇ ਗੂੰਜਿਆ।
ਮਾਦਾ ਰੂਪ ਸੁਰ ਹੈ ਤੇ ਨਰ ਰੂਪ ਤਾਲ ਹੈ ਇਹ
ਦੋਨਾਂ ਦੇ ਸੁਮੇਲ ਤੋਂ ਸੰਗੀਤ ਏਹ ਗੂੰਜਿਆ।
ਧਰਤੀ ਤੇ ਜਦੋਂ ਸੁਰ ਤਾਲ ਦਾ ਜਾ ਮੇਲ ਹੋਇਆ
ਕਾਇਨਾਤ ਨੱਚੀ ਸਾਰੀ, ਸੰਗੀਤ ਜਦੋਂ ਗੂੰਜਿਆ।
ਖੁਸ਼ੀ ਨਾਲ ਝੂਮ ਉੱਠੇ ਜੰਗਲਾਂ ਦੇ ਜੀਵ ਸਾਰੇ
ਚੱਲੀ ਰਾਗ ਦੀ ਹਵਾ ਕੋਇਲ, ਮੋਰ ਵੀ ਸੀ ਗੂੰਜਿਆ
ਬਨਸਪਤੀ ਝੂਮ ਉੱਠੀ ਸੰਗੀਤ ਦੀ ਜਾ ਹਵਾ ਚੱਲੀ
ਖੁਸ਼ਬੂ ਬਣ ਚੰਦਨ ਗੁਲਾਬ ਰਾਹੀਂ ਗੂੰਜਿਆ।
ਚੌਰਾਸੀ ਲੱਖ ਜੂਨ ਵਿਚੋਂ ਮਨੁੱਖ ਦੀ ਅਵਾਜ਼ ਤੋਂ
ਸੱਤ ਸੁਰਾਂ ਬਣ ਰੱਬ ਆਪ ਫਿਰ ਗੂੰਜਿਆ।

ਮਨੁੱਖ ਰੂਪ ਵਿਚ ਪ੍ਰਭੂ ਖੁਦ ਅਵਤਾਰ ਧਾਰ
ਪੈਗੰਬਰਾਂ ਦਾ ਰੂਪ ਧਾਰ ਬਾਣੀ ਬਣ ਗੂੰਜਿਆ।
ਮਨੁੱਖ ਦੇ ਸਾਰੇ ਰੂਪ ਵਿਚ ਸਾਰੇ ਅਵਤਾਰ ਆਏ
ਬ੍ਰਹਮਾ ਸ਼ਿਵ ਵਿਸ਼ਨੂੰ ਤੇ ਨਾਰਦ ਮੁਨੀ ਗੂੰਜਿਆ।
ਮਨੁੱਖ ਦੇ ਹੀ ਰੂਪ ਵਿਚ ਰਿਸ਼ੀ ਮੁਨੀ ਦੇਵ ਸਾਰੇ
ਕ੍ਰਿਸ਼ਨ ਅਤੇ ਈਸਾ ਬਣ, ਮੁਹੰਮਦ ਹੋ ਗੂੰਜਿਆ।
ਬ੍ਰਹਮਾ ਜੀ ਦੀ ਰਸਨਾ ਤੋਂ ਇਹੋ ਰੱਬੀ ਨਾਦ ਫਿਰ
ਵੇਦਾਂ ਦੇ ਸਲੋਕ ਬਣ ਧਰਤੀ ਤੇ ਗੂੰਜਿਆ।
ਰਿਸ਼ੀਆਂ ਤੇ ਮੁਨੀਆਂ ਦੀ ਰਸਨਾ ਤੇ ਚੜ੍ਹ ਕੇ ਤੇ
ਸ਼ਾਸਤ੍ਰ ਤੇ ਪੁਰਾਣ ਬਣ, ਸੰਸਾਰ ਵਿਚ ਗੂੰਜਿਆ।
ਗੀਤਾ ਦੇ ਸਲੋਕ ਬਣ, ਕ੍ਰਿਸ਼ਨ ਦੀ ਅਵਾਜ਼ ਤੋਂ
ਗੀਤ ਬਣ ਮੁਰਲੀ ਦੇ ਬ੍ਰਿੰਦਾਬਣੀ ਗੂੰਜਿਆ।
ਹਜ਼ਰਤ ਈਸਾ ਦੀ ਜ਼ੁਬਾਨ ਤੇ ਏਹ ਚੜ੍ਹ ਕੇ ਤੇ
ਬਾਈਬਲ ਬਣ ਕੇ ਤੇ ਪੱਛਮ 'ਚ ਗੂੰਜਿਆ।
ਪ੍ਰਤੱਖ ਰੂਪ ਰੱਬ ਦਾ ਹੈ ਸੁਰ ਹੀ ਐ ਗੁਣੀ ਜਨੋਂ
ਬੈਜੂ ਬਾਵਰਾ ਸੀ ਹੋ ਅਨੰਦ ਵਿਚ ਗੂੰਜਿਆ।
ਅਵਤਾਰ ਧਾਰ ਕੇ ਤੇ ਫਿਰ ਸਤਗੁਰ ਨਾਨਕ ਦਾ
ਰਾਗ ਦਾ ਸੁਮੇਲ ਧਾਰ ਬਾਣੀ ਬਣ ਗੂੰਜਿਆ।
ਬਾਣੀ ਹੀ ਸ਼ਬਦ ਬਣੇ, ਸ਼ਬਦ ਹੀ ਬਾਣੀ ਬਣ
ਧੁਰ ਕੀ ਇਹ ਬਾਣੀ ਇਹੋ ਰਾਗ ਬਣ ਗੂੰਜਿਆ।
ਸ੍ਰੀ ਰਾਗ, ਮਾਝ ਗਉੜੀ, ਆਸਾ ਅਤੇ ਗੁਜਰੀ ਵੀ
ਗੰਧਾਰੀ ਤੇ ਬਿਹਾਗੜਾ, ਤੇ ਸੋਰਠ ਹੋ ਗੂੰਜਿਆ।
ਧਨਾਸਰੀ, ਜੈਤਸਰੀ, ਟੋਡੀ ਤੇ ਬੈਰਾੜੀ ਸੰਗ
ਤਿਲੰਗ ਅਤੇ ਸੂਹੀ, ਬਿਲਾਵਲ ਸੀ ਗੂੰਜਿਆ।
ਗੌਂਡ ਅਤੇ ਰਾਮਕਲੀ, ਨੱਟ ਅਤੇ ਮਾਲੀ ਗਉੜਾ
ਮਾਰੂ ਤੇ ਤੁਖਾਰੀ, ਸੀ ਕੇਦਾਰਾ ਬਣ ਗੂੰਜਿਆ।
ਭੈਰਵ, ਬਸੰਤ, ਸਾਰੰਗ, ਮਲਾਰ ਅਤੇ ਕਾਨੜਾ ਵੀ
ਕਲਿਆਨ ਤੇ ਪ੍ਰਭਾਤੀ, ਜੈਜਾਵੰਤੀ ਹੋ ਕੇ ਗੂੰਜਿਆ।
ਗੁਰੂ ਗ੍ਰੰਥ ਸਾਹਿਬ ਵਿਚ ਇਕੱਤੀ ਕੁੱਲ ਰਾਗ ਬਣੇ
ਜੋ ਰਾਗ ਨਾਦ ਬਣ ਪ੍ਰਮੇਸ਼ਰ ਹੋ ਗੂੰਜਿਆ।
ਗੁਰੂ ਨਾਨਕ ਦੀ ਰਸਨਾ ਤੋਂ ਨੌ ਸੌ ਪੰਜਾਹ ਸ਼ਬਦ
ਤ੍ਰੇਹਠ ਸਲੋਕ ਹੋ ਗੁਰੂ ਅੰਗਦ ਜੀ ਤੇ ਗੂੰਜਿਆ।

# ਅੰਮ੍ਰਿਤ ਕੀਰਤਨ

ਗੁਰੂ ਅਮਰਦਾਸ ਜੀ ਤੋਂ ਸ਼ਬਦ ਅੱਠ ਸੌ ਛਿਹੱਤਰ ਆਏ
ਛੇ ਸੌ ਉਨੰਜਾ ਸ਼ਬਦ ਰਾਮਦਾਸ ਗੂੰਜਿਆ।
ਗੁਰੂ ਅਰਜਨ ਦੇ ਰਾਹੀਂ ਸ਼ਬਦ ਬਾਈ ਸੌ ਨੇ ਸਤਰ ਆਏ
ਇਕ ਸੌ ਤੇ ਸੋਲਾਂ ਸ਼ਬਦ ਤੇਗ ਬਹਾਦਰ ਗੂੰਜਿਆ।
ਭਗਤ ਕਬੀਰ ਰਾਹੀਂ ਸ਼ਬਦ ਪੰਜ ਸੌ ਨੇ ਬੱਤੀ ਆਏ
ਇਕ ਸੌ ਚੌਵੀ ਸ਼ਬਦ ਫਰੀਦ ਵੀ ਸੀ ਗੂੰਜਿਆ।
ਨਾਮਦੇਵ ਰਾਹੀਂ ਬਾਹਠ ਸ਼ਬਦਾਂ 'ਚ ਗੂੰਜਿਆ ਸੀ
ਰਵਿਦਾਸ ਜੀ ਦੇ ਰਾਹੀਂ ਚਾਲੀ ਸ਼ਬਦੀਂ ਸੀ ਗੂੰਜਿਆ
ਅਠ ਸ਼ਬਦ ਸਤਾ ਬਲਵੰਡ ਜੀ ਨੇ ਗਾਏ ਹੈ ਸੀ
ਛੇ ਸ਼ਬਦਾਂ ਦੇ ਰਾਹੀਂ ਦੇਖੋ ਸੁੰਦਰ ਸੀ ਗੂੰਜਿਆ।
ਚਾਰ ਚਾਰ ਸ਼ਬਦ ਗਾਏ ਤ੍ਰਿਲੋਚਨ ਤੇ ਧੰਨਾ ਜੀ ਨੇ
ਮਰਦਾਨਾ, ਬੇਣੀ, ਜੈਦੇਵ, ਸ਼ਬਦ ਤਿੰਨ ਤਿੰਨ ਗੂੰਜਿਆ
ਪੀਪਾ, ਸੈਣ, ਸਧਨਾ ਤੇ ਰਾਮਾਨੰਦ ਪਰਮਾਨੰਦ
ਇਕ ਇਕ ਸ਼ਬਦ ਤੋਂ ਬ੍ਰਹਮੰਡ ਸੀ ਗੂੰਜਿਆ।
ਦੋ ਸ਼ਬਦ ਗਾਏ ਸਨ ਭੀਖਨ ਨੇ ਮਸਤ ਹੋ ਕੇ
ਇਕ ਪੰਗਤੀ ਵਿਚ ਸੀ ਸੂਰਦਾਸ ਗੂੰਜਿਆ।
ਪੰਜ ਹਜ਼ਾਰ ਅੱਠ ਸੌ ਕਿ ਸਮਾਲੀ ਨੇ ਜੀ ਕੁਲ ਸ਼ਬਦ
ਧੁਰ ਕੀ ਜੋ ਬਾਣੀ ਬਣ, ਰੱਬ ਆਪ ਗੂੰਜਿਆ।
ਸੁਰ ਤੇ ਰਾਗ ਦਾ ਰੂਪ ਧਾਰ ਰੱਬ ਆਪ
ਪ੍ਰਮੇਸ਼ਰ ਦਾ ਏਹ ਥਾਨ ਬਣ ਗੁਰੂ ਗ੍ਰੰਥ ਗੂੰਜਿਆ।
ਪ੍ਰਤੱਖ ਪ੍ਰਮੇਸ਼ਰ ਦਾ ਥਾਨ ਹੈ ਗੁਰੂ ਗ੍ਰੰਥ
ਰਤਨ ਕਰੋ ਨਮਸਕਾਰ ਸਾਰੇ, ਰੱਬ ਆਪ ਗੂੰਜਿਆ।

*ਮਕਾਨ ਨੰ: 425, ਗਲੀ-1, ਨਿਊ ਬਸੰਤ ਵਿਹਾਰ,*
*ਕਾਕੋਵਾਲ ਰੋਡ, ਲੁਧਿਆਣਾ*

# ਤੱਤੀ ਲੋਹ 'ਤੇ ਬੈਠੇ ਗੁਰੂ

ਡਾ. ਹਰਨੇਕ ਸਿੰਘ ਕਲੇਰ

ਤੱਤੀ ਲੋਹ 'ਤੇ ਬੈਠੇ ਗੁਰੂ,
ਗੁਰਬਾਣੀ ਗਾਉਂਦੇ ਰਹੇ।
ਬਾਲ ਬਾਲ ਅੱਗ ਜ਼ਾਲਮ,
ਲੋਹ ਨੂੰ ਤਪਾਉਂਦੇ ਰਹੇ।

ਲਾਹੌਰ ਤੋਂ ਆਇਆ,
ਹਰਕਾਰਾ ਚੱਲ ਕੇ।
ਗੁਰਾਂ ਨੂੰ ਬੁਲਾਇਆ,
ਸ਼ਾਹੀ ਚਿੱਠੀ ਘੱਲ ਕੇ।
ਡੋਲਣਾ ਰਤਾ ਨਾ ਸਿੱਖੋ,
ਮੁੱਖੋਂ ਫੁਰਮਾਉਂਦੇ ਰਹੇ।

ਦਰਬਾਰ ਵਿਚ ਕਾਜ਼ੀਆਂ ਨੇ,
ਫ਼ਤਵੇ ਲਗਾਏ ਸੀ।
ਗੁਰੂ ਜੀ ਨੇ ਮੁੱਖੋਂ ਸੱਚੇ,
ਵਚਨ ਸੁਣਾਏ ਸੀ।
ਚੰਦੂ ਪਾਪੀ ਜੇਹੇ,
ਜ਼ੁਲਮ ਕਮਾਉਂਦੇ ਰਹੇ।

ਪ੍ਰਿਥੀ ਚੰਦ ਭਰਾ
ਚੰਦੂ ਨਾਲ ਰਲਿਆ।
ਜਹਾਂਗੀਰ ਨੂੰ ਸੀ
ਕਾਜ਼ੀਆਂ ਨੇ ਵਸ ਕਰਿਆ।
ਆਖੇ ਜਹਾਂਗੀਰ
ਤੁਸੀਂ 'ਪਾਤਸ਼ਾਹ' ਕਹਾਉਂਦੇ ਰਹੇ।

ਮੀਆਂ ਮੀਰ
ਗੁਰਾਂ ਕੋਲ ਚੱਲ ਆਇਆ ਸੀ
'ਤੇਰਾ ਕੀਆ ਠੀਠਾ ਲਾਗੇ'
ਗੁਰਾਂ ਫੁਰਮਾਇਆ ਸੀ।
ਜ਼ਾਲਮ ਤੱਤੀ ਰੇਤ
ਸੀਸ ਉਤੇ ਪਾਉਂਦੇ ਰਹੇ।

# ਕਲਜੁਗ ਮਹਿ ਕੀਰਤਨੁ ਪਰਧਾਨਾ

## ਭਾਈ ਗੁਰਮੇਲ ਸਿੰਘ

ਗੁਰਬਾਣੀ ਕੀਰਤਨ ਪੂਰਾ ਬ੍ਰਹਮ ਸਰੂਪ ਅਤੇ ਜੀਵਨ ਦਾ ਰਸ ਅਨੰਦ ਹੈ। ਇਹ ਸਿੱਖੀ ਦਾ ਮੂਲ ਅਧਾਰ ਹੈ। ਸਿੱਖੀ ਤੋਂ ਕੀਰਤਨ ਨੂੰ ਅਲੱਗ ਕਰਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਗੁਰਬਾਣੀ ਕੀਰਤਨ ਸਿੱਖ ਹਿਰਦੇ ਦੀ ਧੜਕਣ ਹੈ। ਜੇਕਰ ਇਸ ਨੂੰ ਸਿੱਖੀ ਦੀ ਰੂਹ ਆਖ ਲਿਆ ਜਾਵੇ ਤਾਂ ਇਹ ਕੋਈ ਅਤਕਥਨੀ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧੁਰ ਦਰਗਾਹ ਤੋਂ ਕੀਰਤਨ ਦਾ ਖ਼ਜ਼ਾਨਾ, ਮਨੁੱਖਤਾ ਦੀ ਝੋਲੀ ਪਾਇਆ। ਇਕਸੁਰ ਜੁੜ ਕੇ ਤੇ ਤਾਲਬੱਧ ਹੋ ਕੇ ਧੁਰ ਕੀ ਬਾਣੀ ਦਾ ਕੀਰਤਨ ਗਾਇਨ ਕਰਨਾ ਬ੍ਰਹਮ ਦੀ ਪ੍ਰਾਪਤੀ ਹੈ। ਕਲਯੁਗ ਵਿਚ ਕੀਰਤਨ ਨੂੰ ਪ੍ਰਧਾਨਤਾ ਦਿੱਤੀ ਗਈ ਹੈ। ਮਨੁੱਖ ਦੀਆਂ ਸਭ ਆਸ਼ਾਵਾਂ ਪੂਰੀਆਂ ਕਰਨ ਅਤੇ ਇਸ ਨੂੰ ਮੁਕਤੀ ਦੇ ਦਰ ਤਕ ਪਹੁੰਚਾਉਣ ਲਈ ਕੀਰਤਨ ਹੀ ਇਕ ਸਾਧਨ ਹੈ:

*ਕਲਜੁਗ ਮਹਿ ਕੀਰਤਨ ਪਰਧਾਨਾ॥*
*ਗੁਰਮੁਖਿ ਜਪੀਐ ਲਾਇ ਧਿਆਨਾ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ॥* (ਪੰਨਾ ੧੦੭੫)

ਪਾਵਨ ਗੁਰਬਾਣੀ ਦਾ ਕੀਰਤਨ ਕਰਨਾ ਹੀ ਜੋਗ ਹੈ, ਤਪ ਸਾਧਨਾ ਹੈ। ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੋਈ ਪ੍ਰਾਣਾਯਾਮ ਨਹੀਂ ਕੀਤਾ, ਨਾ ਹੀ ਕੋਈ ਧੂਣੀਆਂ ਤਾਪੀਆਂ ਅਤੇ ਨਾ ਹੀ ਕੋਈ ਜਲ ਧਾਰੇ ਕੀਤੇ:

*ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ॥*
*ਮੈ ਦੇਵਾਨਾ ਭਇਆ ਅਤੀਤੁ॥*
*ਕਰ ਕਾਸਾ ਦਰਸਨ ਕੀ ਭੂਖ॥*
*ਮੈ ਦਰਿ ਮਾਗਉ ਨੀਤਾ ਨੀਤ॥*
*ਤਉ ਦਰਸਨ ਕੀ ਕਰਉ ਸਮਾਇ॥*
*ਮੈ ਦਰਿ ਮਾਗਤੁ ਭੀਖਿਆ ਪਾਇ॥* (ਪੰਨਾ ੭੨੧)

ਗੁਰੂ ਪਾਤਸ਼ਾਹ ਜੀ ਨੇ ਸਾਦੇ ਤੇ ਸੋਹਜ ਢੰਗ ਵਿਚ ਸੰਗਤਾਂ ਨੂੰ ਪਾਵਨ ਗੁਰਬਾਣੀ ਦਾ ਕੀਰਤਨ ਸੁਣਾਇਆ ਅਤੇ ਭੁੱਲੇ ਭਟਕੇ ਤੇ ਕੁਰਾਹੇ ਪਏ ਲੋਕਾਂ ਨੂੰ ਮੁਕਤੀ ਦੇ ਦਰ ਤਕ ਪਹੁੰਚਾ ਦਿੱਤਾ। ਹਰਿ ਕੀਰਤਨ ਗਾਵਿਆ ਤੇ ਸੁਣਿਆ ਬੁਰੀ ਮੱਤ ਨੂੰ ਖਤਮ ਕਰ ਕੇ ਜੀਵਨ ਦੇ ਸਾਰੇ ਮਨੋਰਥ ਤੇ ਆਸ਼ਾਂ ਪੂਰਨ ਕਰ ਦਿੰਦਾ ਹੈ, ਮਨ ਅੰਦਰ ਕੋਈ ਐਸੀ ਹੇਠਲੇ ਪੱਧਰ ਦੀ ਕਾਮਨਾ ਰਹਿ ਹੀ ਨਹੀਂ ਜਾਂਦੀ। ਪਾਵਨ ਗੁਰਬਾਣੀ ਦਾ ਫੁਰਮਾਨ ਹੈ:

*ਜੋ ਜੋ ਕਥੈ ਸੁਨੈ ਹਰਿ ਕੀਰਤਨ ਤਾਂ ਕੀ ਦੁਰਮਤਿ ਨਾਸ*
*ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ॥*

ਪੰਨਾ ੧੩੦੦

ਸੁਰਤੀ ਵਿਰਤੀ ਠੀਕ ਰੱਖਣ ਲਈ ਅਤੇ ਪ੍ਰਭੂ ਚਰਨਾਂ ਨਾਲ ਜੁੜਨ ਲਈ ਕੀਰਤਨ ਅਤਿ ਜ਼ਰੂਰੀ ਹੈ। ਪਾਵਨ ਗੁਰਬਾਣੀ ਦਾ ਕੀਰਤਨ ਮਨੁੱਖ ਨੂੰ ਮੁਕਤੀ ਦੇ ਦਰ ਤਕ ਪਹੁੰਚਾਉਂਦਾ ਹੈ। ਸਮੂਹ ਲੋਕਾਈ ਨੂੰ ਇਸ ਜਗਤ ਜਲੰਦੇ ਵਿਚ ਗੁਰਬਾਣੀ ਕੀਰਤਨ ਤੋਂ ਬਿਨਾਂ ਸੱਚੀ ਮਾਨਸਿਕ ਤੇ ਆਤਮਿਕ ਸੰਤੁਸ਼ਟੀ ਹਾਸਲ ਹੋਣੀ ਅਤਿ ਮੁਸ਼ਕਿਲ ਹੈ। ਇਸ ਦੀ ਨਿਰਮਲ ਓਟ ਹੀ ਸਾਡੀਆਂ ਸਭਨਾਂ ਸਮਸਿਆਵਾਂ ਤੇ ਉਲਝਣਾਂ ਨੂੰ ਦੂਰ ਕਰ ਸਕਦੀ ਹੈ।

ਅਜੋਕੇ ਯੁੱਗ ਵਿਚ ਮੀਡੀਆ ਨੇ ਸੰਚਾਰ ਸਾਧਨਾਂ ਰਾਹੀਂ ਸਾਰੀ ਦੁਨੀਆ ਵਿਚ ਗੁਰਬਾਣੀ ਕੀਰਤਨ ਦਾ ਪ੍ਰਸਾਰ ਕੀਤਾ। ਮੀਡੀਏ ਦਾ ਇਹ ਯੋਗਦਾਨ ਸਲਾਹੁਣਯੋਗ ਹੈ। ਦੇਸ਼ ਵਿਦੇਸ਼ ਦੇ ਹਰ ਕੋਨੇ ਵਿਚ ਬੈਠਾ ਗੁਰੂ ਦਾ ਸਿੱਖ ਤੇ ਇਸ ਦੇ ਨਾਲ ਨਾਲ ਗੁਰਬਾਣੀ ਦੀ ਇਲਾਹੀ ਦੀ ਸਮਝ ਸਾਰ ਰੱਖਣ ਵਾਲੇ ਸਤਿਸੰਗੀ ਜਨ, ਗੁਰਬਾਣੀ ਕੀਰਤਨ ਸਰਵਣ ਕਰਨ ਦਾ ਲਾਹਾ ਲੈ ਰਹੇ ਹਨ। ਜਿਥੇ ਇਹ ਡੂੰਘੀ ਤਸੱਲੀ ਦੇਣ ਵਾਲੀ ਗੱਲ ਹੈ, ਉਥੇ ਇਹ ਗੁਰਬਾਣੀ ਕੀਰਤਨੀਆਂ ਦੇ ਡੂੰਘੇ ਧਿਆਨ ਤੇ ਸੁਚੇਤਨਤਾ ਰੱਖਣ ਯੋਗ ਮੁਕਾਮ ਵੀ ਹੈ।

ਸਾਨੂੰ ਗੁਰਬਾਣੀ ਕੀਰਤਨ ਕਰਨ ਵਾਲਿਆਂ ਨੂੰ ਧੁਰ ਕੀ ਬਾਣੀ ਦੇ ਕੀਰਤਨ ਨੂੰ ਬਿਲਕੁਲ ਹੀ ਸਿੱਧੇ ਢੰਗ ਨਾਲ ਨਹੀਂ ਗਾਉਣਾ ਚਾਹੀਦਾ, ਬਲਕਿ ਗੁਰਮਤਿ ਸ਼ੈਲੀ ਅਤੇ ਗੁਰੂ ਪਾਤਸ਼ਾਹ ਜੀ ਦੀ ਭੈ ਭਾਵਨੀ ਅੰਦਰ ਵਿਚਰਦਿਆਂ ਅਤੇ ਪੂਰੀ ਸ਼ਰਧਾ ਨਾਲ ਪਾਵਨ ਗੁਰਬਾਣੀ ਦਾ ਕੀਰਤਨ ਕਰਨਾ ਚਾਹੀਦਾ ਹੈ। ਇਹ ਤਾਂ ਬੜੀ ਚੰਗੀ ਗੱਲ ਹੈ ਕਿ ਵੱਡੀ ਗਿਣਤੀ ਵਿਚ ਗੁਰਬਾਣੀ ਕੀਰਤਨੀਏ ਸੰਗਤਾਂ ਦੇ ਸਨਮੁੱਖ ਆ ਰਹੇ ਹਨ, ਐਪਰ ਸੋਚਣ ਵਾਲਾ ਪੱਖ ਇਹ ਵੀ ਹੈ ਕਿ ਯੋਗ ਲੋੜੀਂਦੀ ਸਿਖਲਾਈ ਅਤੇ ਅਤਿ ਅਵੱਸ਼ਕ ਰਿਆਜ਼ ਤੇ ਅਭਿਆਸ ਤੋਂ ਬਿਨਾਂ ਇਸ ਖੇਤਰ 'ਚ ਇੱਛਤ ਪੱਧਰ ਨੂੰ ਕਾਇਮ ਨਾ ਰੱਖਣ ਜਿਹੀਆਂ ਗੱਲਾਂ ਵੀ ਕਾਫੀ ਵਾਪਰ ਰਹੀਆਂ ਹਨ। ਪਾਵਨ ਗੁਰਬਾਣੀ ਦਾ ਕੀਰਤਨ ਕਰਨ ਸਮੇਂ ਗੁਰਬਾਣੀ ਨੂੰ ਸ਼ੁੱਧਤਾ ਨਾਲ ਉਚਾਰਨ ਕਰਨ ਦਾ ਵੀ ਪੂਰਾ ਪੂਰਾ ਧਿਆਨ ਰਖਦਿਆਂ ਹੋਇਆਂ ਗਾਇਨ ਸ਼ੈਲੀ (ਮਿਸ਼ਰਤ ਗੀਤਾਂ) ਵਿਚੋਂ ਸਾਡੀ ਮੌਲਿਕ ਪ੍ਰਤਿਭਾ ਦੀ ਝਲਕ ਪੈਣੀ ਚਾਹੀਦੀ ਹੈ। ਗੁਰਬਾਣੀ ਕੀਰਤਨ ਨਾਲ ਜੁੜੇ ਸਮੂਹ ਵੀਰਾਂ ਨੂੰ ਗੁਰਬਾਣੀ ਕੀਰਤਨ ਜਿਹੀ ਕੋਮਲ ਤੇ ਮਹੱਤਵਪੂਰਨ ਕਲਾ ਅਤੇ ਪਰੰਪਰਾ ਨੂੰ ਹਲਕੇ ਰੂਪ 'ਚ ਲੈਣਾ ਉਚਿਤ ਨਹੀਂ ਹੈ।

ਸਨਿਮਰ ਸੁਝਾਅ ਹੈ ਕਿ ਗੁਰਬਾਣੀ ਕੀਰਤਨ ਨੂੰ ਨਿਰਾ ਕਿੱਤਾਮੁਖੀ ਨਾ ਬਣਾਇਆ ਜਾਵੇ, ਹਰ ਗੁਰੂ ਕੇ ਕੀਰਤਨੀਏ ਸਿੰਘ ਨੂੰ ਗੁਰਬਾਣੀ ਦਾ ਕੀਰਤਨ ਆਪਣੀ ਆਤਮਾ ਨੂੰ ਸੁਣਾਉਣਾ ਚਾਹੀਦਾ ਹੈ। ਜੇਕਰ ਗੁਰਬਾਣੀ ਦਾ ਕੀਰਤਨ ਕਰਨ ਵਾਲਾ ਅਨੰਦਮਈ ਆਵੇਸ਼ 'ਚ ਵਿਚਰ ਰਿਹਾ ਹੋਵੇ, ਫਿਰ ਹੀ ਸਰੋਤਿਆਂ ਨੂੰ ਅਨੰਦ ਆਉਂਦਾ ਹੈ, ਰਸ ਬਣਦਾ ਹੈ ਅਤੇ ਗੁਰੂ ਦੇ ਦਰ 'ਤੇ ਹਾਜ਼ਰੀ ਲੱਗਦੀ ਹੈ। ਗੁਰੂ ਪਾਤਸ਼ਾਹ ਜੀ ਸਾਡੇ 'ਤੇ ਕਿਰਪਾ ਕਰਨ, ਸਾਨੂੰ ਗੁਰੂ ਘਰ ਦੇ ਕੀਰਤਨੀਆਂ ਨੂੰ ਪਾਵਨ ਗੁਰਬਾਣੀ ਦਾ ਰਸ ਬਖਸ਼ਿਸ ਕਰਨ ਅਤੇ ਅਪਾਣੇ ਚਰਨਾਂ ਨਾਲ ਜੋੜੀ ਰੱਖਣ।

*ਪਤ੍ਰਿਕਾ 'ਗੁਰਮਤਿ ਪ੍ਰਕਾਸ਼' ਵਿਚੋਂ ਧੰਨਵਾਦ ਸਹਿਤ*

# ਰਾਗ ਵਿਵਰਨ-ਰਾਗੁ ਜੈਤਸਰੀ

ਪ੍ਰੋ: ਕਰਤਾਰ ਸਿੰਘ

ਰਾਗੁ ਜੈਤਸਰੀ ਦਾ ਵਰਨਣ ਕੁਝ ਸੰਗੀਤ ਗ੍ਰੰਥਾਂ ਵਿਚ ਇਸ ਪ੍ਰਕਾਰ ਮਿਲਦਾ ਹੈ। ਰਾਜਾ ਸਿੰਹ ਭੂਪਾਲ ਦੇ 'ਸੰਗੀਤ ਸੁਧਾਕਰੇ' ਦੇ ਪੰਨਾ ੩੮ ਤੇ ਸਲੋਕ ਨੰ: ੨੭੨ ਅਨੁਸਾਰ ਇਹ ਰਾਗ ਪੂਰਬੀ ਥਾਟ ਤੋਂ ਬਣਿਆ ਹੈ ਤੇ ਇਸ ਦੀ ਜਾਤੀ ਔੜਵ ਸੰਪੂਰਨ ਹੈ। ਇਹ ਸ਼ਾਮ ਦੇ ਸਮੇਂ ਦਾ ਰਾਗ ਹੈ। ਵਾਦੀ ਗੰਧਾਰ ਤੇ ਸੰਵਾਦੀ ਨਿਸ਼ਾਦ ਹੈ। ਸਲੋਕ ਨੰ: ੨੭੩ ਅਨੁਸਾਰ ਇਸਦੇ ਆਰੋਹ ਵਿਚ ਸ਼ੜਜ ਨਿਆਸ ਸਵਰ ਹੈ। ਰੁ ਤੇ ਧੁ ਵਰਜਿਤ ਹਨ। ਵਿਦਵਾਨਾਂ ਅਨੁਸਾਰ ਅਵਰੋਹ ਸੰਪੂਰਨ ਹੈ। ਸਲੋਕ ਨੰ: ੨੭੪ ਅਨੁਸਾਰ ਇਹ ਔੜਵ-ਸੰਪੂਰਨ ਜਾਤੀ ਦਾ ਰਾਗ ਹੈ ਤੇ ਇਸ ਵਿਚ ਰੁ ਅਤੇ ਧੁ ਕੋਮਲ ਲਗਦੇ ਹਨ ਤੇ ਨ, ਗ, ਮੇ ਤਿੰਨੋਂ ਸਵਰ ਤੀਵਰ ਲੱਗਦੇ ਹਨ। ਗ ਪ, ਮੇ ਧੁ ਪ, ਮੇ ਗ, ਧੁ ਪ, ਮੇ ਗ, ਰੁ ਸ। ਇਸਦੇ ਆਰੋਹ ਵਿਚ ਰੁ ਅਤੇ ਧੁ ਵਰਜਿਤ ਹਨ। ਵਾਦੀ ਸਵਰ ਗ ਹੈ ਤੇ ਸ਼ਾਮ ਦੇ ਸਮੇਂ ਗਾਇਆ ਜਾਂਦਾ ਹੈ। ਪੰਡਿਤ ਅੱਪਾ ਤੁਲਸੀ ਦੁਆਰਾ ਰਚਿਤ 'ਚੰਦ੍ਰਿਕਾ ਸਾਰ' ਦੇ ਸਲੋਕ ਨੰ: ੬੨ ਅਨੁਸਾਰ ਇਸ ਰਾਗ ਵਿਚ ਗ, ਮ ਨ ਤਿੰਨੇ ਸਵਰ ਤੀਵਰ ਲੱਗਦੇ ਹਨ। ਰੁ ਧੁ ਕੋਮਲ ਲੱਗਦੇ ਇਨ ਪਰ ਆਰੋਹ ਵਿਚ ਇਹ ਸਵਰ ਵਰਜਿਤ ਹਨ। ਜਿਸ ਵਿਚ ਗ ਨ ਵਾਦੀ ਸੰਵਾਦੀ ਹੁੰਦੇ ਹਨ ਉਸਨੂੰ ਜੈਤਸਰੀ ਰਾਗ ਕਿਹਾ ਜਾਂਦਾ ਹੈ। ਪੰਡਿਤ ਅੱਪਾ ਤੁਲਸੀ ਦੁਆਰਾ ਰਚਿਤ 'ਰਾਗ ਕਲਪਦੁਰਮਾਂਦਕੁਰੇ' ਦੇ ਸਲੋਕ ੬੧ ਅਨੁਸਾਰ ਜੈਤਸਰੀ ਉਸਨੂੰ ਕਿਹਾ ਜਾਂਦਾ ਹੈ ਜਿਸ ਵਿਚ ਗ, ਮੇ, ਨ ਤੀਵਰ ਤੇ ਰੁ, ਧੁ ਕੋਮਲ ਲੱਗਦੇ ਹਨ ਪਰ ਰੁ ਧੁ ਆਰੋਹ ਵਿਚ ਵਰਜਿਤ ਹਨ। ਇਸਦਾ ਅਵਰੋਹ ਸੰਪੂਰਨ ਮੰਨਿਆ ਗਿਆ ਹੈ। ਗੰਧਾਰ ਵਾਦੀ ਤੇ ਨਿਸ਼ਾਦ ਸੰਵਾਦੀ ਰੂਪ ਵਿਚ ਲੱਗਦਾ ਹੈ। ਵਿਦਵਾਨਾਂ ਨੇ ਇਸ ਨੂੰ ਸ਼ਾਮ ਵੇਲੇ ਗਾਇਆ ਜਾਣ ਵਾਲਾ ਰਾਗ ਮੰਨਿਆ ਹੈ। ਮੱਧ ਕਾਲ ਦੇ ਕੁਝ ਸੰਗੀਤ ਗ੍ਰੰਥਕਾਰਾਂ ਨੇ ਵੀ ਰਾਗ ਜੈਤਸਰੀ ਦਾ ਵਰਨਣ ਦਿੱਤਾ ਹੈ। ਲੋਚਨ ਪੰਡਿਤ ਨੇ 'ਰਾਗ ਤਰੰਗਣੀ' ਵਿਚ ੧੨ ਠਾਠਾਂ ਤੋਂ ੭੫ ਰਾਗਾਂ ਦਾ ਵਰਗੀਕਰਣ ਕੀਤਾ ਹੈ ਤੇ ਗੌਰੀ ਠਾਠ ਦਾ ਜਯਤਸਰੀ ਨੂੰ ਜਨਯ ਰਾਗ ਮੰਨਿਆ ਹੈ। ਪੁੰਡਰੀਕ ਵਿਠੂਲ ਨੇ ਰਾਗਮਾਲਾ ਵਿਚ ਦੇਸ਼ਕਾਰ ਰਾਗ ਦੀ ਜੈਤਸਰੀ ਰਾਗਨੀ ਮੰਨੀ ਹੈ। ਪੰਡਿਤ ਭਾਵਭੱਟ ਨੇ 'ਅਨੂਪ ਬਿਲਾਸ' ਵਿਚ ਜੈਤਸਰੀ ਰਾਗ ਦਾ ਵਰਨਣ ਕੀਤਾ ਹੈ। ਪੰਡਿਤ ਸੋਮਨਾਥ ਨੇ 'ਰਾਗ ਵਿਬੋਧ' ਵਿਚ ਸ਼ੁਧ ਰਾਮਕਲੀ ਮੇਲ ਤੋਂ ਜੈਤਸਰੀ ਨੂੰ ਜਨਯ ਰਾਗ ਮੰਨਿਆ ਹੈ। ਪਟਨਾ ਦੇ ਮੁਹੰਮਦ ਰਜ਼ਾ ਨੇ 'ਨਗਮਾਤੇ ਆਸਫੀ' (੧੮੧੩) ਵਿਚ ੬ ਰਾਗ ੩੬ ਰਾਗਨੀਆਂ ਦੇ ਸਿਧਾਂਤ ਨੂੰ ਮੰਨਦਿਆਂ ਹੋਇਆਂ ਸ੍ਰੀ ਰਾਗ ਦੀ ਜੈਤਾਸ਼ਿਰੀ ਨੂੰ ਰਾਗਨੀ ਮੰਨਿਆ ਹੈ।

ਭਾਰਤੀ ਸੰਗੀਤ ਵਿਚ ਰਾਗ ਜੈਤਸਰੀ ਪ੍ਰਾਚੀਨ ਰਾਗਾਂ ਦੀ ਗਣਨਾ ਵਿਚ ਆਉਂਦਾ ਹੈ। ਇਹ ਇਕ ਅਪ੍ਰਚਲਿਤ ਤੇ ਕਠਿਨ ਰਾਗ ਹੈ। ਰਾਗ ਦੇ ਸਰੂਪ ਬਾਰੇ ਸੰਗੀਤਕਾਰਾਂ ਦੇ ਵਖ ਵਖ ਮੱਤ ਹਨ। ਇਕ ਮੱਤ ਇਸ ਰਾਗ ਵਿਚ ਰਿਸ਼ਭ ਕੋਮਲ ਤੇ ਮਧਿਅਮ ਤੀਵਰ ਨਾਲ ਧੈਵਤ ਸ਼ੁਧ ਦਾ ਪ੍ਰਯੋਗ ਕਰਕੇ ਇਸ ਨੂੰ ਮਾਰਵਾ ਥਾਟ ਦੇ ਅੰਤਰਗਤ ਰੱਖਦੇ ਹਨ। ਦੂਜਾ ਮੱਤ ਇਸ ਨੂੰ ਪੂਰਵੀ ਥਾਟ ਦਾ ਰਾਗ ਮੰਨਦੇ ਹਨ ਤੇ ਧੈਵਤ ਕੋਮਲ ਵਰਜਿਤ ਕਰਕੇ ਜਾਤੀ ਸ਼ਾੜਵ ਸੰਪੂਰਨ ਮੰਨਦੇ ਹਨ। ਪਰ ਇਹ ਤਿੰਨੇ ਹੀ ਮੱਤ ਜ਼ਿਆਦਾ ਪ੍ਰਚਾਰ ਵਿਚ ਨਹੀਂ ਹਨ। ਜੈਤਸਰੀ ਦਾ ਜੋ ਪ੍ਰਚਲਿਤ ਸਰੂਪ ਪ੍ਰਚਾਰ ਵਿਚ ਹੈ ਉਹ ਪੂਰਵੀ ਥਾਟ ਦਾ ਔੜਵ ਸੰਪੂਰਨ ਜਾਤੀ ਦਾ ਰਾਗ ਹੈ ਜਿਸ ਦੇ ਆਰੋਹ ਵਿਚ ਰਿਸ਼ਭ ਤੇ ਧੈਵਤ ਵਰਜਿਤ ਹਨ। ਪੰਡਿਤ ਭਾਤਖੰਡੇ ਜੀ ਨੇ 'ਕ੍ਰਮਿਕ ਪੁਸਤਕ ਮਾਲਿਕਾ' ਭਾਗ-੫ ਵਿਚ ਰਾਗ ਜੈਤਸਰੀ ਨੂੰ ਪੂਰਵੀ ਥਾਟ ਦਾ ਔੜਵ ਸੰਪੂਰਨ ਜਾਤੀ ਦਾ ਰਾਗ ਮੰਨਿਆ ਹੈ। ਇਸਤੋਂ ਬਿਨਾਂ ਸ੍ਰੀ ਵਿਨਾਇਕ ਰਾਉ ਨਾਰਾਇਣ ਪਟਵਰਧਨ ਨੇ ਵੀ 'ਰਾਗ ਵਿਗਿਆਨ ਭਾਗ-੭', ਅਚਾਰੀਆ ਸ੍ਰੀ ਕ੍ਰਿਸਨ ਨਰਾਇਣ ਰਤੰਜਨਕਰ ਨੇ ਆਪਣੇ ਗ੍ਰੰਥ 'ਅਭਿਨਵ ਗੀਤ ਮੰਜਰੀ ਭਾਗ-੨', ਸ੍ਰੀ ਰਘੂਨਾਥ ਤਲੇਗਾਂਵਕਰ ਨੇ 'ਸੁਲਭ ਸੰਗੀਤ ਪ੍ਰਵੀਨ ਭਾਗ-੧', ਪੰਡਿਤ ਨਾਰਾਇਣ ਲਕਸ਼ਮਣ ਗੁਣੇ ਨੇ 'ਸੰਗੀਤ ਪ੍ਰਵੀਨ ਦਰਸ਼ਿਕਾ ਭਾਗ-੧' ਪੰਡਿਤ ਰਾਮ ਕ੍ਰਿਸ਼ਨ ਵਿਆਸ ਨੇ 'ਰਾਗ ਪ੍ਰਵੀਨ ਭਾਗ-2', ਸ੍ਰੀ ਐਚ ਸੀ ਸ੍ਰੀਵਾਸਤਵ ਨੇ 'ਰਾਗ ਪਰੀਚੈ ਭਾਗ-੪', ਪੰਡਿਤ ਰਾਮਸ਼੍ਰੇਯ ਝਾ ਰਾਮਰੰਗ

ਨੇ 'ਅਭਿਨਵ ਗੀਤਾਂਜਲੀ ਭਾਗ-੩' ਸ੍ਰੀ ਵਿਮਲਕਾਂਤ ਰਾਇ ਚੌਧਰੀ ਨੇ 'ਰਾਗ ਵਿਯਾਕਰਣ' ਵਿਚ ਇਨ੍ਹਾਂ ਸਭ ਵਿਦਵਾਨਾਂ ਨੇ ਰਾਗ ਜੈਤਸਰੀ ਦਾ ਇਹੀ ਸਰੂਪ ਦਿੱਤਾ ਹੈ।

ਸੰਗੀਤ ਵਿਦਵਾਨਾਂ ਨੇ ਇਸ ਰਾਗ ਦੀ ਰਚਨਾ ਰਾਗ ਜੈਤ ਤੇ ਸ੍ਰੀ ਰਾਗ ਦੇ ਮਿਸ਼ਰਨ ਤੋਂ ਮੰਨੀ ਹੈ। ਰਾਗ ਜੈਤ ਦੇ ਸਵਰ ਸਮੂਹ ਸ ਗ ਪ ਗ ਰੁ ਸ, ਗ ਰੁ ਸ, ਪ ਸਂ ਤੇ ਸ੍ਰੀ ਰਾਗ ਦੇ ਮੇਂ ਪ, ਨ ਸਂ, ਰੁਂ ਨ ਧੁ ਪ ਐਸੇ ਸਵਰਾਂ ਦੇ ਮਿਸ਼ਰਨ ਨਾਲ ਇਹ ਰਾਗ ਬਣਦਾ ਹੈ। ਪਰ ਫਿਰ ਵੀ ਇਸ ਰਾਗ ਨੂੰ ਪੂਰਵੀ ਅੰਗ ਪ੍ਰਧਾਨ ਹੀ ਮੰਨਣਾ ਠੀਕ ਹੋਵੇਗਾ। ਗ ਮੇਂ ਗ ਰੁ ਸ, ਸ ਗ ਪ, ਮੇਂ ਪ ਧੁ ਪ, ਮੇਂ ਧੁ ਮੇਂ ਗ, ਮੇਂ ਗ ਪ ਗ ਰੁ ਸ, ਮੇਂ ਪ ਨ ਸਂ, ਰੁਂ ਸਂ ਰੁਂ ਨ ਧੁ ਪ, ਧੁ ਮੇਂ ਗ, ਪ ਗ ਰੁ ਸ ਇਹ ਸਵਰ ਸੰਗਤੀਆਂ ਰਾਗ ਦਾ ਸਰੂਪ ਦਰਸਾਉਂਦੀਆਂ ਹਨ। ਜੈਤਸਰੀ ਦਾ ਇਕ ਵਿਸ਼ੇਸ਼ ਅੰਗ ਮੇਂ ਧੁ ਮੇਂ ਗ ਮੇਂ ਗ ਹੈ। ਇਸ ਦੇ ਪ੍ਰਯੋਗ ਨਾਲ ਰਾਗ ਬਸੰਤ ਦੀ ਵੀ ਝਲਕ ਪੈਂਦੀ ਹੈ ਪਰ ਰਾਗ ਬਸੰਤ ਵਿਚ ਪ-ਮੇਂ ਗ ਮੇਂ-ਗ ਰੁ ਸ ਇਸ ਪ੍ਰਕਾਰ ਸਵਰ ਹੀ ਲਏ ਜਾਂਦੇ ਹਨ। ਇਸ ਚਲਨ ਨਾਲ ਇਹ ਦੋਵੇਂ ਰਾਗ ਅਵਰੋਹ ਕ੍ਰਮ ਵਿਚ ਇਕ ਦੂਜੇ ਤੋਂ ਵੱਖ ਹੋ ਜਾਂਦੇ ਹਨ। ਰਾਗ ਜੈਤਸਰੀ ਦਾ ਨਿਕਟ ਵਰਤੀ ਰਾਗ ਪੂਰੀਆਂ ਧਨਾਸਰੀ ਵੀ ਹੈ। ਪੂਰੀਆ ਧਨਾਸਰੀ ਵਿਚ ਮੇਂ ਗ, ਮੇਂ ਰੁ ਗ ਦੀ ਸੰਗਤੀ ਬਾਰ ਬਾਰ ਲਈ ਜਾਂਦੀ ਹੈ, ਜਦੋਂ ਕਿ ਜੈਤਸਰੀ ਵਿਚ ਮੇਂ ਧੁ ਮੇਂ ਗ ਮੇਂ ਗ ਰੁ ਸ ਸਵਰ ਲਏ ਜਾਂਦੇ ਹਨ। ਪੂਰੀਆ ਧਨਾਸਰੀ ਵਿਚ ਮਧਿਅਮ ਤੀਵਰ ਦਾ ਪ੍ਰਯੋਗ ਵਾਰ-ਵਾਰ ਕੀਤਾ ਜਾਂਦਾ ਹੈ ਜਦੋਂ ਕਿ ਜੈਤਸਰੀ ਵਿਚ ਪੰਚਮ ਤੇ ਨਿਆਸ ਜ਼ਿਆਦਾ ਕੀਤਾ ਜਾਂਦਾ ਹੈ। ਪੂਰੀਆ ਧਨਾਸਰੀ ਸੰਪੂਰਨ ਜਾਤੀ ਦਾ ਰਾਗ ਹੈ ਪਰ ਜੈਤਸਰੀ ਦੀ ਜਾਤੀ ਔੜਵ ਸੰਪੂਰਨ ਹੈ। ਉਤਰਾਂਗ ਵਿਚ ਇਹ ਰਾਗ ਸਿਰੀ ਰਾਗ ਦੇ ਵੀ ਬਹੁਤ ਨੇੜੇ ਹੈ। ਮੇਂ ਪ ਨ ਸਂ ਦੀ ਸੰਗਤੀ ਜੈਤਸਰੀ ਵਿਚ ਲਈ ਜਾਂਦੀ ਹੈ ਪਰ ਸ੍ਰੀ ਰਾਗ ਵਿਚ ਇਹ ਮੇਂ ਪ ਨ ਸਂ ਰੁਂ ਸਵਰ ਲਏ ਜਾਂਦੇ ਹਨ। ਇਸ ਤਰ੍ਹਾਂ ਜੈਤਸਰੀ ਤੇ ਸਿਰੀ ਰਾਗ ਵੀ ਇਕ ਦੂਜੇ ਤੋਂ ਵੱਖ ਹੋ ਜਾਂਦੇ ਹਨ। ਜੈਤਸਰੀ ਪੂਰਵੀ ਅੰਗ ਪ੍ਰਧਾਨ ਰਾਗ ਹੈ ਤੇ ਕਈ ਵਿਦਵਾਨ ਤਾਂ ਜੈਤਸਰੀ ਨੂੰ ਪੂਰਵੀ ਥਾਟ ਦਾ ਰਾਗ ਬਿਹਾਗ ਕਹਿੰਦੇ ਹਨ। ਰਾਗ ਮੁਲਤਾਨੀ ਵਿਚ ਵੀ ਜੇ ਗੰਧਾਰ ਕੋਮਲ ਦੀ ਥਾਂ ਗੰਧਾਰ ਸ਼ੁਧ ਦਾ ਪ੍ਰਯੋਗ ਕੀਤਾ ਜਾਵੇ ਤਾਂ ਵੀ ਜੈਤਸਰੀ ਦਾ ਚਲਨ ਕਾਫੀ ਮਿਲਦਾ ਜੁਲਦਾ ਹੈ। ਇਨ੍ਹਾਂ ਰਾਗਾਂ ਦਾ ਆਰੋਹ ਮੰਦਰ ਨਿਸ਼ਾਦ ਤੋਂ ਹੀ ਅਰੰਭ ਹੁੰਦਾ ਹੈ ਤੇ ਜਾਤੀ ਵੀ ਔੜਵ ਸੰਪੂਰਨ ਹੈ, ਆਰੋਹ ਵਿਚ ਰਿਸ਼ਭ ਤੇ ਧੈਵਤ ਇਨ੍ਹਾਂ ਤਿੰਨਾਂ ਰਾਗਾਂ ਵਿਚ ਵਰਜਿਤ ਹਨ। ਰਾਗ ਜੈਤਸਰੀ ਦੇ ਵਾਦੀ ਸੰਵਾਦੀ ਬਾਰੇ ਦੋ ਵੱਖ ਵੱਖ ਮੱਤ ਹਨ। ਇਕ ਮੱਤ ਪੰਚਮ ਵਾਦੀ ਤੇ ਸ਼ੜਜ ਸੰਵਾਦੀ ਮੰਨਦਾ ਹੈ ਜਦੋਂ ਕਿ ਦੂਜੇ ਮੱਤ ਗੰਧਾਰ ਵਾਦੀ ਤੇ ਨਿਸ਼ਾਦ ਸੰਵਾਦੀ ਮੰਨਦਾ ਹੈ। ਭਾਵੇਂ ਇਸ ਰਾਗ ਵਿਚ ਪੰਚਮ ਤੇ ਹੀ ਜ਼ਿਆਦਾ ਕਰਕੇ ਬੰਦਸ਼ਾਂ ਦਾ ਸੱਮ ਆਉਂਦਾ ਹੈ ਪਰ ਜੈਤ ਅਤੇ ਸ੍ਰੀ ਰਾਗ ਤੋਂ ਭਿੰਨਤਾ ਵਾਸਤੇ ਵੀ ਗੰਧਾਰ ਤੇ ਨਿਸ਼ਾਦ ਦਾ ਸੰਵਾਦ ਠੀਕ ਬਣਦਾ ਹੈ ਤੇ ਇਹੀ ਮੱਤ ਜ਼ਿਆਦਾ ਪ੍ਰਚਾਰ ਵਿਚ ਹੈ। ਇਸ ਤਰ੍ਹਾਂ ਇਹ ਰਾਗ ਪੂਰਵਾਂਗ ਵਾਦੀ ਰਾਗ ਬਣ ਜਾਂਦਾ ਹੈ। ਇਸ ਦਾ ਗਾਇਣ ਸਮਾਂ ਦਿਨ ਦਾ ਚੌਥਾ ਪਹਿਰ ਭਾਵ ਸ਼ਾਮ ਦਾ ਸੰਧੀ ਪ੍ਰਕਾਸ਼ ਹੈ।

ਗੁਰਮਤਿ ਸੰਗੀਤ ਦੇ ਖੋਜੀਆਂ ਵਿਚੋਂ ਡਾਕਟਰ ਭਾਈ ਵੀਰ ਸਿੰਘ ਦੀ 'ਗੁਰਮਤ ਸੰਗੀਤ ਪਰ ਹੁਣ ਤੀਕ ਮਿਲੀ ਖੋਜ' ਪੰਨਾ ੨੯ ਅਨੁਸਾਰ ਇਹ ਰਾਗਨੀ ਗੁਰਮਤ ਸੰਗੀਤ ਅਨੁਸਾਰ ਭਿੰਨ ਰਾਗਣੀ ਹੈ। ਦੇਸੀ ਟੋਡੀ, ਗੌਰੀ ਤੇ ਬਿਭਾਸ ਮਿਲੇ ਤੇ ਬਣਦੀ ਹੈ, ਪ੍ਰੰਤੂ ਹੋਰਨਾਂ ਮੱਤਾਂ ਵਿਚ ਜੇਹਾ ਕਿ ਭਰਤ ਮੱਤ ਵਿਚ ਮਾਲਕੌਂਸ ਦੀ ਨੂੰਹ ਹੈ। ਕਈ ਕਹਿੰਦੇ ਹਨ ਕਿ ਦੇਸ਼ਕਾਰ ਦੀ ਰਾਗਨੀ ਹੈ। ਡਾਕਟਰ ਚਰਨ ਸਿੰਘ ਜੀ ਦੀ 'ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ' ਪੰਨਾ ੨੫ 'ਸੁਰ ਤਾਲ ਸਮੂਹ' ਅਨੁਸਾਰ ਧੌਲ, ਬੈਰਾਗੀ, ਦੇਸਕਾਰ, ਤਿੰਨੇ ਮਿਲ ਕੇ ਜੈਤਸਰੀ ਬਣਦੀ ਹੈ। 'ਨਾਦ ਬਿਨੋਦ' ਦੇ ਕਰਤਾ ਸੁਆਮੀ ਪੰਨਾ ਲਾਲ (੧੯੪੯ ਈ.) ਨੇ ਦੀਪਕ ਦੀ ਰਗਨੀ ਲਿਖੀ ਹੈ ਜੋ ਧਨਾਸਰੀ, ਧਾਨੀ, ਮਾਲਸਿਰੀ ਮਿਲਕੇ ਜੈਤਸਰੀ ਬਣਦੀ ਹੈ। ਪ੍ਰੰਤੂ 'ਬੁੱਧ ਪ੍ਰਕਾਸ਼' ਦੇ ਕਰਤਾ ਨੇ ਮਾਲਕੌਂਸ ਦੀ ਨੂੰਹ ਮੰਨਿਆ ਹੈ। ਦੇਸੀ ਟੋਡੀ, ਗੌਰੀ, ਬਿਭਾਸ ਤੇ ਟੋਡੀ ਮਿਲ ਕੇ ਜੈਤਸਰੀ ਬਣਦੀ ਹੈ। ਰਾਤ ਦੇ ਪਹਿਲੇ ਪਹਿਰ ਗਾਵੀਂਦੀ ਹੈ। 'ਰਾਧਾ ਗੋਬਿੰਦ ਸੰਗੀਤ ਸਾਰ' ਵਿਚ ਇਸ ਨੂੰ ਦੇਸ਼ਕਾਰ ਦੀ ਇਸਤ੍ਰੀ ਲਿਖਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ ਜੈਤਸਰੀ ਪੂਰਵੀ ਥਾਟ ਦੀ ਆੜਵ ਸੰਪੂਰਨ ਰਾਗਨੀ ਹੈ। ਆਰੋਹ ਵਿਚ ਰਿਸ਼ਭ ਧੈਵਤ ਵਰਜਿਤ ਹਨ। ਅਵਰੋਹ ਵਿਚ ਸਾਰੇ ਸੁਰ ਹਨ। ਧੈਵਤ ਤੇ ਰਿਸ਼ਭ ਕੋਮਲ ਮਧਿਅਮ ਤੀਵਰ ਬਾਕੀ ਸਵਰ ਸ਼ੁਧ ਹਨ। ਸਮਾਂ ਦਿਨ ਦਾ ਚੌਥਾ ਪਹਿਰ ਹੈ। ਡਾਕਟਰ ਜੀ ਐਸ

ਮਾਨਸੁਖਾਨੀ ਨੇ 'ਇੰਡੀਅਨ ਕਲਾਸੀਕਲ ਮਿਊਜ਼ਿਕ ਐਂਡ ਸਿੱਖ ਕੀਰਤਨ' ਵਿਚ ਰਾਗ ਜੈਤਸਰੀ ਦਾ ਪ੍ਰਚਲਿਤ ਸਰੂਪ ਪੂਰਵੀ ਥਾਟ, ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ ਤੇ ਜਾਤੀ ਔੜਵ ਸੰਪੂਰਨ ਵਾਲਾ ਹੀ ਦਿੱਤਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ 'ਦਾ ਐਨਸਾਈਕਲੋਪੀਡੀਆ ਆਫ ਸਿੱਖਇਜ਼ਮ' ਵੋ-੨ ਪੰਨਾ ੧੭੨ ਅਨੁਸਾਰ ਰਾਗਮਾਲਾ ਵਿਚ ਰਾਗ ਜੈਤਸਰੀ ਦਾ ਜ਼ਿਕਰ ਨਹੀਂ ਮਿਲਦਾ। ਰਾਗ ਜੈਤ ਨੂੰ ਦੋ ਪ੍ਰਕਾਰ ਦਾ ਇਕ ਮਾਰਵਾ ਅੰਗ ਦਾ ਤੇ ਦੂਜਾ ਸਿਰੀ ਅੰਗ ਦਾ ਮੰਨਿਆ ਜਾਂਦਾ ਹੈ। ਸਿਰੀ ਅੰਗ ਵਾਲਾ ਜੈਤਸਰੀ ਦੇ ਨੇੜ ਦਾ ਰਾਗ ਹੈ ਇਸ ਦਾ ਵਾਦੀ ਗੰਧਾਰ ਤੇ ਸੰਵਾਦੀ ਨਿਸ਼ਾਦ ਹੈ। ਇਸ ਦਾ ਮੁੱਖ ਅੰਗ ਸ, ਗ ਪ ਮੇ ਧੁ ਪ ਮੇ ਗ, ਮੇ ਗ ਰੁ ਸ ਹੈ।

ਗੁਰਮਤਿ ਸੰਗੀਤ ਦੇ ਵਿਦਵਾਨ ਗ੍ਰੰਥਕਾਰਾਂ ਵਿਚੋਂ 'ਗੁਰਬਾਣੀ ਸੰਗੀਤ' ਦੇ ਕਰਤਾ ਸਰਦਾਰ ਗਿਆਨ ਸਿੰਘ ਐਬਟਾਬਾਦ, 'ਪ੍ਰਾਚੀਨ ਗੀਤ ਰਤਨਾਵਲੀ' ਦੇ ਕਰਤਾ ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ, 'ਸੁਰ ਸਿਮਰਣ ਸੰਗੀਤ' ਦੇ ਸੰਤ ਸਰਵਣ ਸਿੰਘ ਗੰਧਰਵ, 'ਗੁਰਮਤ ਸੰਗੀਤ ਸਾਗਰ' ਦੇ ਕਰਤਾ ਪ੍ਰਿੰ: ਦਿਆਲ ਸਿੰਘ, 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਦੇ ਪ੍ਰੋ: ਤਾਰਾ ਸਿੰਘ, 'ਆਦਿ ਗ੍ਰੰਥ ਰਾਗ ਕੋਸ਼' ਦੇ ਡਾ. ਗੁਰਨਾਮ ਸਿੰਘ ਤੇ 'ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ ਜਵੱਦੀ ਟਕਸਾਲ' ਇਨ੍ਹਾਂ ਤੇ ਹੋਰਨਾਂ ਨੇ ਵੀ ਜੈਤਸਰੀ ਦਾ ਸਰੂਪ ਪੂਰਵੀ ਥਾਟ ਦਾ ਔੜਵ-ਸੰਪੂਰਨ ਜਾਤੀ ਦਾ ਹੀ ਮੰਨਿਆ ਹੈ। ਸੋ ਪ੍ਰਵਾਣਿਤ ਤੱਥਾਂ ਦੇ ਅਧਾਰ 'ਤੇ ਜੈਤਸਰੀ ਦੇ ਇਸ ਪਰੰਪਰਾਗਤ ਸਰੂਪ ਨੂੰ ਨਿਸਚਿਤ ਰੂਪ ਵਿਚ ਮੈਂ ਪ੍ਰਵਾਣਿਤ ਮੰਨਦਾ ਹਾਂ ਤੇ ਇਥੇ ਵੀ ਇਹੀ ਦਿੱਤਾ ਜਾ ਰਿਹਾ ਹੈ।

*ਪਰੀਚੈ:*

ਰਾਗੁ- ਜੈਤਸਰੀ

ਥਾਟ- ਪੂਰਵੀ

ਸਵਰ- ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ ਹੋਰ ਸਭ ਸ਼ੁਧ

ਵਰਜਿਤ ਸਵਰ- ਆਰੋਹ ਵਿਚ ਰਿਸ਼ਭ ਤੇ ਧੈਵਤ

ਜਾਤੀ- ਔੜਵ-ਸੰਪੂਰਨ

ਵਾਦੀ- ਗੰਧਾਰ

ਸੰਵਾਦੀ- ਨਿਸ਼ਾਦ

ਗਾਇਨ ਸਮਾਂ- ਦਿਨ ਦਾ ਚੌਥਾ ਪਹਿਰ

ਆਰੋਹ- ਸ ਗ, ਮੇ ਪ, ਮੇ ਧੁ ਪ ਨ ਸਂ।

ਅਵਰੋਹ- ਸਂ ਨ ਧੁ ਪ, ਮੇ ਗ, ਮੇ ਗ ਰੁ ਸ।

ਮੁੱਖ ਅੰਗ (ਪਕੜ)- ਸ ਗ, ਪ, ਮੇ ਧੁ ਪ, ਮੇ ਗ ਮ ਗ, ਰੁ ਸ।

*ਪੁਸਤਕ 'ਗੁਰਮਤਿ ਸੰਗੀਤ ਦਰਪਣ' ਵਿਚੋਂ ਧੰਨਵਾਦ*

# ਪੁਸਤਕ ਸਮੀਖਿਆ

## ਅਵਤਾਰ ਸਿੰਘ ਹੰਸ

**ਪੁਸਤਕ** - ਸੁਰ ਇੰਦ੍ਰਾਵਲੀ (ਸ਼ਬਦ ਗੀਤ ਰਤਨਾਵਲੀ)
**ਲੇਖਕ** - ਪ੍ਰੋ: ਪ੍ਰਭਜੋਤ ਕੌਰ 'ਸਵਰ ਸਮੁੰਦ'
**ਪੰਨੇ** - 125, **ਕੀਮਤ** - 80 ਰੁਪਏ
**ਪ੍ਰਕਾਸ਼ਕ** - ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਸ੍ਰੀ ਅੰਮ੍ਰਿਤਸਰ।

ਸੁਰ ਇੰਦ੍ਰਾਵਲੀ ਦੇ ਲੇਖਕ ਪ੍ਰੋ: ਪ੍ਰਭਜੋਤ ਕੌਰ ਜੀ ਗੁਰਮਤਿ ਸੰਗੀਤ ਨੂੰ ਸਮਰਪਿਤ ਸੰਗੀਤਕਾਰ ਹਨ। ਆਪ ਗੁਰਮਤਿ ਸੰਗੀਤ ਦੇ ਅਨਮੋਲ ਖਜ਼ਾਨੇ ਨੂੰ ਲਿਖਤੀ ਤੌਰ ਤੇ ਸੰਭਾਲਣ ਲਈ ਯਤਨਸ਼ੀਲ ਹਨ।

ਕੀਰਤਨ ਦੀ ਦਾਤ ਆਪਨੂੰ ਵਿਰਸੇ ਵਿਚੋਂ ਪ੍ਰਾਪਤ ਹੋਈ। 3 ਸਾਲ ਦੀ ਉਮਰ ਵਿਚ ਆਪਣੇ ਨਾਨੀ ਜੀ ਦੀ ਨਿੱਘੀ ਗੋਦ ਵਿਚ ਬੈਠਕੇ ਕੀਰਤਨ ਸਿੱਖਣਾ ਅਰੰਭ ਕੀਤਾ। ਬਾਅਦ ਵਿਚ ਮਹਾਨ ਵਿਦਵਾਨ ਗਿ: ਜੋਗਿੰਦਰ ਸਿੰਘ ਤਲਵਾੜਾ ਅਤੇ ਸ੍ਰੀ ਰਵੀ ਸ਼ੰਕਰ ਜੀ ਪਾਸੋਂ ਸ਼ਾਸਤਰੀ ਸੰਗੀਤ ਦੀ ਉਚ ਤਾਲੀਮ ਹਾਸਲ ਕਰਕੇ ਸੰਗੀਤ ਖੇਤਰ ਵਿਚ ਪ੍ਰਵੇਸ਼ ਹੋਏ। ਆਪ ਨੇ ਸੰਗੀਤ ਵਿਸ਼ੇ 'ਤੇ ਐਮ.ਏ, ਐਮ.ਐਡ. ਦੀ ਡਿਗਰੀ ਪ੍ਰਾਪਤ ਕੀਤੀ। ਅਕਾਲ ਪੁਰਖ ਦੀ ਰਹਿਮਤ ਸਦਕਾ ਇਨ੍ਹਾਂ ਦਾ ਸਬੰਧ ਗੁਰਮਤਿ ਸੰਗੀਤ ਘਰਾਣੇ ਨਾਲ ਜੁੜਿਆ ਗੁਰਮਤਿ ਸੰਗੀਤ ਦੇ ਮਹਾਨ ਵਿਦਵਾਨ, ਟਕਸਾਲੀ ਕੀਰਤਨੀਏ ਪ੍ਰੋ: ਪਰਮਜੋਤ ਸਿੰਘ ਜੀ ਮੁੱਲਾਂਪੁਰ ਵਾਲਿਆਂ ਦੇ ਸਪੁੱਤਰ ਸ. ਜਸਕੀਰਤ ਸਿੰਘ ਜੀ ਨਾਲ ਆਪ ਦਾ ਵਿਆਹ ਹੋਇਆ। ਪ੍ਰੋ: ਪਰਮਜੋਤ ਸਿੰਘ ਜੀ ਹੁਰਾਂ ਦੇ ਅਸ਼ੀਰਵਾਦ ਤੇ ਸੰਗਤ ਸਦਕਾ ਸੰਗੀਤ ਕਲਾ ਵਿਚ ਹੋਰ ਤਰੱਕੀਆਂ ਕੀਤੀਆਂ। ਇਸ ਪੁਸਤਕ ਤੋਂ ਪਹਿਲਾਂ ਪ੍ਰੋ: ਪ੍ਰਭਜੋਤ ਕੌਰ ਜੀ ਨੇ ਪ੍ਰੋ: ਪਰਮਜੋਤ ਸਿੰਘ ਹੁਰਾਂ ਦੀ ਮੌਲਿਕ ਰਚਨਾ 'ਸਹਜ ਧੁਨ' (31 ਰਾਗਾਂ ਵਿਚ ਸ਼ਬਦ ਗੀਤਾਂ) ਦਾ ਹਿੰਦੀ ਵਿਚ ਅਨੁਵਾਦ ਕੀਤਾ ਹੈ। ਭਵਿੱਖ ਵਿਚ ਆਪ ਜੀ ਦਾ ਭਾਈ ਸਾਹਿਬ ਸਮੁੰਦ ਸਿੰਘ ਜੀ ਅਤੇ ਪ੍ਰੋ: ਪਰਮਜੋਤ ਸਿੰਘ ਜੀ ਦੇ ਪਿਤਾ ਭਾਈ ਇੰਦਰ ਸਿੰਘ ਜੀ ਦੀਆਂ ਸ਼ਬਦ ਬੰਦਸ਼ਾਂ ਨੂੰ ਸੁਰ ਲਿਪੀ ਬਧ ਕਰਕੇ ਪ੍ਰਕਾਸ਼ਤ ਕਰਨ ਦਾ ਸੰਕਲਪ ਹੈ। ਗੁਰੂ ਕ੍ਰਿਪਾ ਕਰੇ ਸੰਕਲਪ ਛੇਤੀ ਪੂਰਾ ਹੋਵੇ। ਅਜ ਕਲ੍ਹ ਪ੍ਰੋ: ਪ੍ਰਭਜੋਤ ਕੌਰ ਜੀ ਐਚ ਜੀ ਹਰਿਪ੍ਰਕਾਸ਼ ਕਾਲਜ ਆਫ ਐਜੂਕੇਸ਼ਨ ਸਿਧਵਾਂਖੁਰਦ ਵਿਖੇ ਬਤੌਰ ਲੈਕਚਰਾਰ ਸੇਵਾ ਕਰ ਰਹੇ ਹਨ।

ਸੁਰ ਇੰਦ੍ਰਾਵਲੀ ਪੁਸਤਕ ਵਿਚ ਪ੍ਰੋ: ਸਾਹਿਬਾ ਨੇ ਗੁਰਮਤਿ ਸੰਗੀਤ ਨਾਲ ਸਬੰਧਤ 5 ਲੇਖਾਂ ਅਤੇ 20 ਰਾਗਾਂ ਵਿਚ ਅਲਾਪ, ਤਾਲਾਂ ਸਹਿਤ 20 ਸ਼ਬਦਾਂ ਦੀਆਂ ਸਰਲ ਤੇ ਸੁੰਦਰ ਨੋਟੇਸ਼ਨਾ ਦਿੱਤੀਆਂ ਹਨ।

ਸੰਗੀਤ ਦਾ ਸਰੂਪ ਤੇ ਸਥਾਨ : ਇਸ ਲੇਖ ਵਿਚ ਸੰਗੀਤ ਸਬੰਧੀ ਖੋਜ ਭਰਪੂਰ ਜਾਣਕਾਰੀ ਦਿੱਤੀ ਹੈ। ਦਸਿਆ ਹੈ ਸੰਗੀਤ ਇਕ ਸਾਧਨ ਹੈ, ਤਪੱਸਿਆ ਹੈ, ਬੰਦਗੀ ਹੈ। ਸੰਗੀਤ ਕਲਾ ਉੱਚਕੋਟੀ ਦੀ ਉੱਤਮ ਕਲਾ ਹੈ।

ਸ਼ਾਸਤਰੀ ਸੰਗੀਤ, ਭਾਵੇਂ ਗੰਭੀਰ ਸੁਰ ਤਾਲ ਦੇ ਲੈਅਕਾਰੀ ਬੰਦਿਸ਼ਾਂ ਕਾਰਨ ਗਾਇਕ ਨੂੰ ਤੇ ਸਰੋਤੇ ਨੂੰ ਸਿਖਰ ਤੇ ਪਹੁੰਚਾਉਂਦਾ ਹੈ, ਪਰ ਉਸ ਵਿਚ ਸਿਰਫ਼ ਸੰਗੀਤ ਦਾ ਰਸ ਹੀ ਮਾਣਿਆ ਜਾ ਸਕਦਾ ਹੈ। ਕਈ ਵਾਰ ਜ਼ਰਾ ਜਿੰਨੀ ਅਵਾਜ਼ ਤੇ ਸਾਜ਼ ਦੀ ਕਮੀ ਸਰੋਤਿਆਂ ਨੂੰ ਬੇ ਰਸ ਕਰ ਦਿੰਦੀ ਹੈ ਪਰ ਭਗਤੀ ਰਸ ਵਿਚ ਲੀਨ ਕੀਰਤਨੀਏ ਦੀ ਅਵਾਜ਼ ਤੇ ਸ਼ਬਦ ਦੇ ਭਾਵ, ਜਿਥੇ ਕੀਰਤਨੀਏ ਨੂੰ ਰਸ ਮੁਗਧ ਕਰਦੇ ਹਨ, ਉਥੇ ਸਰੋਤੇ ਵੀ ਮੰਤਰ ਮੁਗਧ ਹੋ ਅਨੰਤ ਖੁਸ਼ੀਆਂ ਹਾਸਲ ਕਰਦੇ ਹਨ।

ਗੁਰਮਤਿ ਸੰਗੀਤ ਸੁਖਾਵੇਂ ਜੀਵਨ ਦਾ ਅਨਮੋਲ ਰਸਤਾ ਲੇਖ ਵਿਚ ਪ੍ਰੋ: ਸਾਹਿਬ ਨੇ ਦੱਸਿਆ ਹੈ ਕਿ ਗੁਰੂ ਸਾਹਿਬਾਨ ਨੇ ਗੁਰਮਤਿ ਸੰਗੀਤ ਨੂੰ ਨਿਵੇਕਲੇ ਅਰਥਾਂ ਵਿਚ ਰੂਪਮਾਨ ਕੀਤਾ ਹੈ। ਗੁਰਮਤਿ ਨਾਦ ਉਹ ਧੁਨੀ ਹੈ ਜੋ ਮਨ ਦੀ ਚੰਚਲਤਾ, ਵਿਖਮਤਾ ਨੂੰ ਠੱਲ ਪਾ ਕੇ ਪਰਮ ਸੱਤਾ ਦੀਆਂ ਲਹਿਰਾਂ ਵਿਚ ਲਿਵਲੀਨ ਕਰਦੀ ਹੈ।

ਗੁਰੂ ਘਰ ਦੇ ਪ੍ਰੰਪਰਾਵਾਦੀ ਕੀਰਤਨ ਤੇ ਅਧੁਨਿਕ ਕੀਰਤਨ ਦੇ ਤੁਲਨਾਤਮਕ ਅਧਿਐਨ ਵਿਚ ਬੀਬਾ ਜੀ ਨੇ ਕੀਰਤਨ ਪੱਧਤੀਆਂ, ਚੌਕੀਆਂ ਆਦਿ ਦਾ ਅਧਿਐਨ ਕੀਤਾ ਹੈ। ਅਜੋਕੇ ਦੌਰ ਵਿਚ ਕੀਰਤਨ ਪ੍ਰਕਿਰਿਆ ਦੇ ਹੋ ਰਹੇ ਵਪਾਰੀਕਰਨ ਤੇ ਬਹੁਤ ਚਿੰਤਾ ਪ੍ਰਗਟ ਕੀਤੀ ਹੈ।

ਕੀਰਤਨ ਪ੍ਰੰਪਰਾ ਨੂੰ ਲਾਗੂ ਕਰਨ ਹਿਤ ਰਾਗੀ ਸਿੰਘਾਂ ਨੂੰ ਬੇਨਤੀਆਂ ਵੀ ਕੀਤੀਆਂ ਹਨ। ਇਸ ਵਿਚ ਗੁਰੂ ਘਰ ਦੇ ਪ੍ਰਸਿੱਧ ਰਾਗੀ ਰਬਾਬੀ ਭਾਈ ਸਾਈਂਦਿੱਤਾ ਜੀ, ਭਾਈ ਹੀਰਾ ਸਿੰਘ ਜੀ, ਭਾਈ ਸਮੁੰਦ ਸਿੰਘ ਜੀ, ਭਾਈ ਸੁਰਜਨ ਸਿੰਘ ਜੀ, ਭਾਈ ਬਹਾਦਰ ਸਿੰਘ ਜੀ, ਭਾਈ ਗੋਪਾਲ ਸਿੰਘ ਜੀ, ਭਾਈ ਬਖਸ਼ੀਸ਼ ਸਿੰਘ ਜੀ ਅਤੇ ਅਜੋਕੇ ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ ਜੀ ਆਦਿ ਕੀਰਤਨੀਆਂ ਦੇ ਸੰਖੇਪ ਜੀਵਨ ਵੇਰਵੇ ਦਰਜ ਕੀਤੇ ਹਨ।

ਰਾਗ ਨਾਦ ਸਭ ਸਚ ਹੈ- ਸਿਰਲੇਖ ਵਿਚ ਦਸਿਆ ਹੈ ਕਿ ਰਾਗ ਬਧ ਬਾਣੀ ਇਕ ਦੁਰਲਭ ਤੇ ਵਡਮੁੱਲਾ ਖਜ਼ਾਨਾ ਹੈ। ਕੀਤਰਨੀਏ ਸਿੰਘਾਂ ਨੂੰ ਅਤੇ ਸੰਗੀਤ ਅਧਿਆਪਕਾਂ ਨੂੰ ਪੁਰਜ਼ੋਰ ਯਤਨ ਕਰਨੇ ਚਾਹੀਦੇ ਹਨ। ਪੁਰਾਤਨ ਕੀਰਤਨ ਪ੍ਰੰਪਰਾ ਅਨੁਸਾਰ ਕਰਨਾ ਚਾਹੀਦਾ ਹੈ। ਜਿਸ ਸਦਕਾ ਸਰਤਿਆਂ ਵਿਚ ਚੰਗੀ ਸ਼ੋਹਰਤ ਪੈਦਾ ਹੋ ਸਕੇ। ਤਾਂ ਹੀ ਕੀਰਤਨ ਪ੍ਰੰਪਰਾ ਨੂੰ ਫਿਲਮੀ ਟਿਊਨਾਂ ਦੀ ਲੱਗ ਲਬੇੜ ਤੋਂ ਬਚਾਇਆ ਜਾ ਸਕਦਾ ਹੈ।

*ਕਿਨ ਬਿਧ ਕੀਰਤਨ ਗਾਇ ਜੀਉ* - ਗੁਰਵਾਕ ਦੀ ਰੌਸ਼ਨੀ ਵਿਚ ਦਸਿਆ ਹੈ ਕਿ ਗੁਰੂ ਸਾਹਿਬ ਨੇ ਕਿਸ ਤਰ੍ਹਾਂ ਦਾ ਕੀਰਤਨ ਕਰਨ ਤੇ ਕਿਸ ਤਰ੍ਹਾਂ ਦੀ ਕੀਰਤਨੀਆ ਬਣ ਕੇ ਕੀਰਤਨ ਕਰਨ ਨੂੰ ਤਰਜੀਹ ਦਿੱਤੀ ਹੈ।

ਅਖੀਰ ਵਿਚ ਸ਼ਾਸਤਰੀ ਸੰਗੀਤ ਦੇ ਪ੍ਰਮੁੱਖ ਰਾਗਾਂ ਜਿਵੇਂ ਕਿ ਰਾਗ ਕਲਿਆਨ, ਮੁਲਤਾਨੀ, ਤਿਲਕ ਕਾਮੋਦ, ਦੇਸ, ਖਮਾਜ, ਭੀਮ ਪਲਾਸੀ, ਪਟਦੀਪ, ਸ਼ੁਧ ਕਲਿਆਨ, ਲਲਿਤ, ਹਮੀਰ, ਦੁਰਗਾ, ਆਸਾਵਰੀ, ਬਗੇਸ਼ਰੀ, ਸਾਰੰਗ, ਭੈਰਵੀ, ਸਿਰੀਰਾਗ, ਭੈਰਉ, ਰਾਮਕਲੀ, ਬਿਹਾਗ ਆਦਿ 20 ਸ਼ਬਦਾਂ ਦੀਆਂ ਸਰਲ ਤੇ ਸੁਖੈਨ ਬੰਦਿਸ਼ਾਂ ਅਲਾਪ ਤਾਨਾਂ ਸਹਿਤ ਦਰਜ਼ ਕੀਤੀਆਂ ਹਨ।

ਇਹ ਪੁਸਤਕ ਸੰਗੀਤ ਦੇ ਪੇਪਰ ਦੇਣ ਵਾਲੇ ਵਿਦਿਆਰਥੀ ਅਤੇ ਸੰਗੀਤ ਅਧਿਆਪਕ ਲਈ ਬਹੁਤ ਲਾਭਦਾਇਕ ਸਿੱਧ ਹੋਵੇਗੀ। ਆਸ ਕਰਦਾ ਹਾਂ ਬੀਬਾ ਪ੍ਰੋ: ਪ੍ਰਭਜੋਤ ਕੌਰ ਜੀ ਅਜਿਹੀਆਂ ਹੋਰ ਮੌਲਿਕ ਰਚਨਾਵਾਂ ਛੇਤੀ ਸੰਗਤਾਂ ਨੂੰ ਭੇਟ ਕਰਨਗੇ।

*ਸੰਤ ਅਤਰ ਸਿੰਘ ਗੁਰਮਤਿ ਸੰਗੀਤ ਵਿਦਿਆਲਾ*
*ਮਸਤੂਆਣਾ ਸਾਹਿਬ (ਸੰਗਰੂਰ)*

# Father, son and the holy scripture

Amrita Chaudhry

A hand Writen Guru Granth Sahib was the tribute, Manjinder Pal Singh though it, to pay to his late father. And it took almost eight months of work for Manjinder to complete this task who is now busy decorating each sheet, marking its borders. After completing the task, Manjinder, who is a defence contractor, plans to gift this hand written Guru Granth Sahib to Gurdwara Katani Kalan.

"Last year my father passed away and his death was a big blow to the entire family. We all were disturbed and it become very tough for us to live. And then amidst all this pain the idea of writting the Guru Granth Sahib came to me and this i wanted to do for my father who was a Squadron Leader and had immense faith in Guru Granth Sahib. Initially, my family discouraged me as the task is arduous and they cautioned that I shoud start only if I can finish the work."

So Manjinder starting writing without informatin the family. "I would sit for hours in our prayer room and write. My family thought that i was praying but soon my secret was out and after that they supported me to the hilt," adds Manjinder.

And then writing Guru Granth sahib in its purest form is not all that easy, " I tried to maintain the original form of the holy scripture, I stuck to writting 19 lines on one page. When I began the work I had set a target of five pages daily but then soon my speed to write picked up and at times I could finish 12 pages in a day. Basically, I wanted to complete this task before the first death anniversary of my father."

Manjinder also maintain that writing the Guru Granth Sahib for him was not just an exercise and that the entire process has helped him evolve as he got to know the preacheings of Guru Granth Sahib very well.

"As I was writing I tried to absorb each and every word that I would pen down. And in the process I realised that there is not a single issue that we face, which has not been touched upon and answered in this holy scripture. I realised that if we humans could try and imbibe part of these preaching in our daily lives then the quality of our lives would improve so much," adds Manjinder.

*Courtesy 'Indian Express'*

## ਸੁਰ ਲਿਪੀ

ਨਰਿੰਦਰ ਕੌਰ

ਰਾਗ: ਕਲਿਆਣ

ਥਾਟ: ਕਲਿਆਣ, ਸੁਰ: ਮਧਿਅਮ ਤੀਵਰ ਬਾਕੀ ਸਾਰੇ ਸ਼ੁੱਧ

ਜਾਤੀ: ਸੰਪੂਰਨ ਵਾਦੀ: ਗੰਧਾਰ

ਸੰਵਾਦੀ: ਨਿਸ਼ਾਦ ਸਮਾਂ: ਰਾਤ ਦਾ ਪਹਿਲਾ ਪਹਿਰ

ਆਰੋਹ: ਸ, ਨ਼ੀ ਰੇ ਗ, ਮੇ ਪ, ਮੇ ਧ, ਨੀ, ਸਂ। ਅਵਰੋਹ: ਸਂ ਨੀ ਧ ਪ, ਮੇ ਗ ਰੇ ਸ।

ਪਕੜ: ਨ਼ੀ ਰੇ ਗ, ਰੇ ਸ, ਪ ਮੇ ਗ ਰੇ, ਨ਼ੀ ਰੇ ਸ।

ਤੀਨ ਤਾਲ- ਮੱਧ ਲੈਅ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| x | | | | 2 | | | | 0 | | | | 3 | | | |
| ਸਥਾਈ | | | | | | | | | | | | | | | |
| | | | | | ਸ | ਨ਼ੀ | ਧ਼ | ਨ਼ੀ | ਰੇ | ਗਮੇ | ਮੇਪ | ਪ | ਮੇ | ਗ | ਰੇ |
| | | | | | ਹ | ਮਾ | ऽ | ਰੈ | ऽ | ਇऽ | ਹऽ | ਕਿ | ਰ | ਪਾ | ऽ |
| ਨ਼ੀ | ਰੇ | ਸ | - | - | ਪ | ਪ | ਪਮੇ | ਪ | ਮੇ | ਪ | - | ਗ | ਮੇ | ਪਨੀ | ਧਨੀ |
| ਕੀ | ऽ | ਜੈ | ऽ | ऽ | ਅ | ਲ | ਮਕ | ਰੰ | ऽ | ਦ | ऽ | ਚ | ਰ | ਨऽ | ਕऽ |
| ਮੇ | ਮੇ | ਪ | ਪ | - | - | ਸਂ | ਸਂ | ਸਂ | - | ਨੀਧ | ਨੀ | - | ਧਪ | ਮੇ | ਧ |
| ਮ | ਲ | ਸਿ | ਓ | ऽ | ऽ | ਮ | ਨ | ਫੇ | ऽ | ਰऽ | ਫੇ | ऽ | ਰऽ | ਰੀ | ऽ |
| ਪ | - | - | - | - | - | ਸਂ | ਸਂ | ਸਂ | - | ਨੀਧ | ਨੀ | - | ਧਪ | ਮੇ | ਧ |
| ਝੈ | ऽ | ऽ | ऽ | ऽ | ऽ | ਮ | ਨ | ਫੇ | ऽ | ਰऽ | ਫੇ | ऽ | ਰऽ | ਰੀ | ऽ |
| ਪ | ਮੇ | ਗ | ਰੇ | ਸ | - | | | | | | | | | | |
| ਝੈ | ऽ | ऽ | ऽ | ऽ | ऽ | | | | | | | | | | |
| ਅੰਤਰਾ | | | | | | | | | | | | | | | |
| | | | | - | ਪ | -ਸਂ | ਸਂ | ਸਂ | - | ਸਂ | ਸਂ | ਨੀ | ਨੀ | ਰੇਂਗਂ | ਮੇਂ |
| | | | | - | ਆ | ऽਨ | ਜ | ਲਾ | ऽ | ਸਿ | ਓ | ऽ | ਕਾ | ऽਜ | ਨ |
| ਰੇਂ | ਗਂ | ਸਂ | - | - | - | ਸਂ | ਸਂ | ਸਂ | - | ਨੀਧ | ਧ | ਨੀ | ਧ | ਮੇਮੇ | ਮੇਧ |
| ਕ | ਛੂ | ਐ | ऽ | ऽ | ऽ | ਹ | ਰਿ | ਬੂੰ | ऽ | ਦऽ | ਚਾ | ਤ੍ਰਿ | ਕ | ਕਉ | ਦੀऽ |
| ਪ | - | - | - | - | - | ਸਂ | ਸਂ | ਸਂ | - | ਨੀਧ | ਧ | ਨੀ | ਧ | ਮੇਮੇ | ਮੇਧ |
| ਜੈ | ऽ | ऽ | ऽ | ऽ | ऽ | ਹ | ਰਿ | ਬੂੰ | ऽ | ਦऽ | ਚਾ | ਤ੍ਰਿ | ਕ | ਕਉ | ਦੀऽ |
| ਪ | ਮੇ | ਗ | ਰੇ | ਸ | - | | | | | | | | | | |
| ਜੈ | ऽ | ऽ | ऽ | ऽ | ऽ | | | | | | | | | | |

ਬਾਕੀ ਅੰਤਰੇ ਇਸੇ ਧੁਨ 'ਤੇ

*ਲੈਕਚਰਾਰ, ਆਰੀਆ ਕਾਲਜ, ਪਠਾਨਕੋਟ*

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| ਰਾਗੁ ਕਲਿਆਣ<br>ਮਹਲਾ ੫ ਘਰੁ ੧ | **Rag Kalyan**<br>**5th Guru** | ਰਾਗੁ ਕਲਿਆਣ<br>ਪੰਜਵੀਂ ਪਾਤਸ਼ਾਹੀ |
| ੧ਓ ਸਤਿਗੁਰ ਪ੍ਰਸਾਦਿ ॥ | There is but One God. By the True Guru's grace, He is obtained. | ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ। |
| ਹਮਾਰੈ ਏਹ ਕਿਰਪਾ ਕੀਜੈ ॥ | My Master, show Thou this mercy unto me. | ਮੇਰੇ ਮਾਲਕ ! ਤੂੰ ਮੇਰੇ ਉਤੇ ਇਹ ਮਿਹਰ ਧਾਰ। |
| ਅਲਿ ਮਕਰੰਦ ਚਰਨ ਕਮਲ ਸਿਉ ਮਨੁ ਫੇਰਿ ਫੇਰਿ ਰੀਝੈ ॥੧॥<br>ਰਹਾਉ ॥ | That the black fee of mine may over and over again remain yoked with the honey of Thine lotus feet .<br>Pause | ਕਿ ਮੇਰੇ ਚਿਤ ਦਾ ਭੌਰਾ ਤੇਰੇ ਕੰਵਲ ਪੈਰਾਂ ਦੇ ਸ਼ਹਿਦ ਨਾਲ ਮੁੜ ਮੁੜ ਕੇ ਜੁੜਿਆ ਰਹੇ।<br>ਠਹਿਰਾਓ |
| ਆਨ ਜਲਾ ਸਿਉ ਕਾਜੁ ਨਾ ਕਛੂਐ ਹਰਿ ਬੂੰਦ ਚਾਤ੍ਰਿਕ ਕਉ ਦੀਜੈ ॥੧॥ | I have no concern with any other water. O God, bless Thou me, the pied cuckoo, with a drop of Thy water. | ਮੇਰਾ ਕਿਸੇ ਹੋਰਸ ਪਾਣੀ ਨਾਲ ਲੇਗਾ ਦੇਗਾ ਨਹੀਂ, ਹੇ ਵਾਹਿਗੁਰੂ! ਤੂੰ ਮੈਂ ਪਪੀਹੇ ਨੂੰ ਆਪਣੇ ਪਾਣੀ ਦੀ ਇਕ ਕਣੀ ਪ੍ਰਦਾਨ ਕਰ। |
| ਬਿਨੁ ਮਿਲਬੇ ਨਾਹੀ ਸੰਤੋਖਾ ਪੇਖਿ ਦਰਸਨੁ ਨਾਨਕੁ ਜੀਜੈ ॥੨॥ | Without meeting with my God, I am contented not. Nanak lives by seeing HIs Lord's vision. | ਆਪਣੇ ਵਾਹਿਗੁਰੂ ਦੇ ਮਿਲਣ ਦੇ ਬਗੈਰ, ਮੈਨੂੰ ਸਬਰ ਨਹੀਂ ਆਉਂਦਾ। ਨਾਨਕ ਆਪਣੇ ਸੁਆਮੀ ਦਾ ਦੀਦਾਰ ਦੇਖਣ ਦੁਆਰਾ ਹੀ ਜੀਊਂਦਾ ਹੈ। |